# ਕੈਨੇਡਾ ਦਰਪਣ

ਮਈ 4, 1984

**May 4, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

East Indian Community Newspaper

ਹਫ਼ਤੇਵਾਰ

ਕੀਮਤ 30¢

Out of Greater Vancouver
Price 40¢

Second Class Mail - Reg. No. 5991

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 16 Weekending May 4, 1984
Editor's Res. PHONE. (604)321-6360

The Canada Darpan
Punjabi Weekly Newspaper

# ਹਰਿਮੰਦਰ ਸਾਹਿਬ 'ਚ ਵੱਖ ਵੱਖ ਸਿੱਖ ਆਗੂਆਂ ਦੇ ਧੜਿਆਂ 'ਚ ਇਕ ਦੂਜੇ ਵਿਰੁਧ ਜੰਗ ਤੇਜ਼

ਅੰਮ੍ਰਿਤਸਰ — ਹਰਿਮੰਦਰ ਸਾਹਿਬ ਪਰਿਸਪਰ ਵਿਚ ਸਿੱਖ ਆਗੂਆਂ ਦੇ ਵਖ ਵਖ ਧੜਿਆਂ ਨੇ ਵਿਸਾਖੀ ਦੇ ਸ਼ੁਭ ਦਿਹਾੜੇ ਦੀ ਵਰਤੋਂ ਇਕ ਦੂਜੇ ਉਪਰ ਸਿੱਖ ਹਿਤਾਂ ਵਿਰੁਧ ਕੰਮ ਕਰਨ ਦੇ ਦੋਸ਼ ਲਗਾ ਕੇ ਅਤੇ ਇਕ ਦੂਜੇ ਨੂੰ ਹਿੰਦੂ ਫਿਰਕਾਪ੍ਰਸਤਾਂਅਤੇ ਇੰਕਾ ਦੇ ਤਾਹਨੇ ਮਾਰਕੇ ਕੀਤੀ।

ਅਤਿਵਾਦੀ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੈਰੋਕਾਰਾਂ ਨੇ ਛਪੇ ਪੈਂਫਲਿਟ ਸੁੱਟੇ ਜਿਨ੍ਹਾਂ ਵਿਚ ਧਰਮਯੁਧ ਮਰਚਾ ਡਿਕਟੇਟਰ ਦੀ ਖੁਲ੍ਹੇ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਜਦੋਂ ਕਿ ਬਬਰ ਖਾਲਸਾ ਵਲੋਂ ਸੁਟੀਆਂ ਗਈਆਂ ਦੋਵ ਤਕੀਆਂ ਵਿਚ ਭਿੰਡਰਾਂਵਾਲੇ ਨੂੰ ਅੱਠ ਸਵਾਲਾਂ ਦਾ ਉਤੱਰ ਦੇਣ ਲਈ ਕਿਹਾ ਗਿਆ ਸੀ।

ਮੰਜੀ ਸਾਹਿਬ ਵਿਖੇ ਇਕ ਵੱਡੇ ਦੀਵਾਨ ਨੂੰ ਸੰਬੋਧਨ ਕਰਦੇ ਹੋਏ ਸੰਤ ਲੌਂਗੋਵਾਲ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਵਿਰੁਧ ਅਜਿਹੇ ਪੈਂਫਲਿਟ ਕੱਢਣ ਵਾਲੇ ਬੁਜ਼ਦਿਲ ਹਨ। ਕਿਉਂਕਿ ਉਹਨਾ ਇਹ ਪੈਂਫਲਿਟ ਆਪਣੇ ਨਾਂਅ ਹੇਠ ਕੱਢਣ ਦਾ ਹੌਸਲਾ ਨਹੀਂ ਦਿਖਾਇਆ।

ਚਾਰ ਸਫੇ ਦਾ ਇਕ ਪੈਂਫਲਿਟ ਜਿਸ ਉਪਰ ਭਿੰਡਰਾਂਵਾਲੇ ਦੀ ਵੱਡੀ ਤਸਵੀਰ ਸੀ ਵਿਚ ਕਿਹਾ ਗਿਆ ਕਿ ਜਦੋਂ ਕੁਝ ਸਿੱਖ ਨੌਜਵਾਨਾਂ ਨੇ ਹਰਿਆਣੇ ਵਿਚ ਸਿੱਖਾਂ ਦੇ ਹੋਏ ਅਪਮਾਨ ਦਾ ਬਦਲਾ ਲੈਣ ਦੇ ਜਤਨ ਵਜੋਂ ਅਤਿਆਚਾਰੀ ਪੁਲੀਸ ਅਫਸਰਾਂ ਅਤੇ ਸਿੱਖ ਵਿਰੋਧੀ ਤਾਕਤਾਂ ਨੂੰ ਖਤਮ ਕਰਨਾਂ ਸ਼ੁਰੂ ਕੀਤਾ ਤਾਂ ਬਹੁਤ ਸਾਰੇ ਸਿੱਖ ਆਗੂਆਂ ਨੇ ਹਿੰਦੂ ਫਿਰਕਾਪ੍ਰਸਤੀ ਨਾਲ ਮਿਲ ਕੇ ਭਿੰਡਰਾਂਵਾਲੇ ਅਤੇ ਉਸ ਦੇ ਪੈਰੋਕਾਰਾਂ ਨੂੰ ਅਤਿਵਾਦੀ, ਵਖਵਾਦੀ, ਦਹਿਸ਼ਤਪਸੰਦ ਅਤੇ ਡਕੈਤ ਤੇ ਦਗਾਬਾਜ਼ ਦਸਿਆ ਅਤੇ ਪਾਰਲੀਮੈਂਟ ਵਿਚ ਸਿੱਖ ਕੌਮ ਦੇ ਧਾਰਮਿਕ ਆਗੂ ਵਿਰੁਧ ਲਗਭਗ ਹਰ ਰੋਜ਼ ਅਪਮਾਨ-ਜਨਕ ਭਾਸ਼ਾ ਦੀ ਵਰਤੋਂ ਕੀਤੀ ਗਈ।

ਇਸ ਪੈਂਫਲਿਟ ਵਿਚ ਅੱਗੇ ਕਿਹਾ ਗਿਆ ਹੈ ਕਿ ਇਥੋਂ ਤਕ ਕਿ ਧਰਮਯੁਧ ਮੋਰਚਾ ਡਿਕਟੇਟਰ ਨੇ ਵੀ ਉਨ੍ਹਾਂ ਨੌਜਵਾਨਾਂ ਜਿਨਾਂ ਸਿੱਖਾਂ ਦੇ ਵਿਰੋਧੀਆਂ ਨੂੰ ਖਤਮ ਕੀਤਾ ਸੀ ਨੂੰ 'ਸਰਕਾਰ ਦੇ ਏਜੰਟ' ਦਸਕੇ ਨਿੰਦਣਾ ਸ਼ੁਰੂ ਕਰ ਦਿਤਾ।

ਇਸ ਵਿਚ ਅੱਗੇ ਕਿਹਾ ਗਿਆ ਹੈ ਕਿ ਸੰਤ ਲੌਂਗੋਵਾਲ ਇਥੇ ਹੀ ਚੁੱਪ ਨਹੀਂ ਹੋਇਆ, ਉਸਨੇ ਸਿੱਖਾਂ ਦੀਆਂ ਮੰਗਾਂ ਨੂੰ ਪੰਜਾਬੀਆਂ ਨਾਲ ਜੋੜ ਕੇ ਸਿੱਖ ਨੌਜਵਾਨਾਂ ਵਲੋਂ ਦਿਤੀਆਂ ਗਈਆਂ ਸ਼ਹੀਦੀਆਂ ਦੀ ਬੇਅਦਬੀ ਅਤੇ ਛਟਿਆਉਣ ਦਾ ਯਤਨ ਕੀਤਾ।

ਗੁਰਦਾਸਪੁਰ, ਫੀਰੋਜ਼ਪੁਰ, ਲੁਧਿਆਣਾ ਅਤੇ ਬਠਿੰਡਾ ਦੇ ਜ਼ਿਲਾ ਅਕਾਲੀ ਜਥਿਆਂ ਦੇ ਜਥੇਦਾਰਾਂ ਕਰਮਵਾਰ ਸੁੱਚਾ ਸਿੰਘ ਛੋਟੇਪੁਰ, ਤਾਲਬ ਸਿੰਘ ਸੰਧੂ, ਹਰੀ ਸਿੰਘ ਜ਼ੀਰਾ ਅਤੇ ਜਸਵੰਤ ਸਿੰਘ ਨੇ ਦੋਸ਼ ਲਾਇਆ ਕਿ ਭਿੰਡਰਾਂਵਾਲਾ ਇੰਕਾ ਦਾ ਸਿਰਫ ਏਜੰਟ ਹੀ ਨਹੀਂ ਬਲਕਿ ਇਕ 'ਗਦਾਰ' ਹੈ।

ਅਜੀਤ ਦਾ ਸੁਰਜੀਤ ਸਿੰਘ ਸੇਖੀ , ਤਖਤ ਪਟਨਾ ਸਾਹਿਬ ਦੀ ਪ੍ਰਧਾਨ ਸ੍ਰੀਮਤੀ ਨਿਰਲੇਪ ਕੌਰ ਅਤੇ ਸ੍ਰ ਜੀਵਨ ਸਿੰਘ ਉਮਰਾਨੰਗਲ ਨੇ ਵੀ ਪੈਂਫਲਿਟ ਅਨੁਸਾਰ ਆਪਣੀਆਂ ਸਿੱਖ ਵਿਰੋਧੀ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ।

ਪੈਂਫਲਿਟ ਵਿਚ ਦੋਸ਼ ਲਗਾਇਆ ਗਿਆ ਹੈ ਕਿ ਸ੍ਰੀ ਪ੍ਰਕਾਸ਼ ਸਿੰਘ ਬਾਦਲ ਜਿਸ ਨੇ ਆਪਣੀ ਲੜਕੀ ਦਾ ਵਿਆਹ ਇਕ ਇੰਕਾ ਆਗੂ ਦੇ ਪੁੱਤ ਨਾਲ ਕੀਤਾ ਹੈ ਅਤੇ ਪੰਜਾਬ ਦਾ ਸਾਬਕਾ ਵਿਤ ਮੰਤਰੀ ਬਲਵੰਤ ਸਿੰਘ ਜਿਸ ਨੇ ਸਰਕਾਰ ਦੀ ਸਹਾਇਤਾ ਨਾਲ ਕਰੋੜਾਂ ਰੁਪੇ ਬਣਾਏ ਹਨ, ਇੰਕਾ ਦੇ ਏਜੰਟ ਹਨ ਨਾ ਕਿ ਭਿੰਡਰਾਂਵਾਲਾ ਸਿੱਖਾਂ ਦੇ ਸਭ ਤੋਂ ਉਚੇ ਧਾਰਮਿਕ ਅਹਹਦੇ ਦੇ ਮੁਖੀ ਕਿਰਪਾਲ ਸਿੰਘ (ਅਕਾਲ ਤਖਤ ਦਾ ਹੈਡ ਗਰੰਥੀ) ਐਸ.ਜੀ.ਪੀ.ਸੀ. ਦੇ ਕਾਰਜਕਾਰੀ ਪ੍ਰਧਾਨ ਆਤਮਾ ਸਿੰਘ ਅਤੇ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਉਜਾਗਰ ਸਿੰਘ ਸੇਖਵਾਂ ਨੇ 3 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਸੀ.ਆਰ.ਪੀ.ਐਫ. ਵਲੋਂ ਮਾਰੇ ਗਏ ਅੱਠ ਸਿੱਖਾਂ ਦੀ ਕੋਈ ਚਿੰਤਾ ਨਾ ਕੀਤੀ ਅਤੇ ਉਹ ਬਾਦਲ ਦੀ ਕੁੜੀ ਦੇ ਵਿਆਹ ਵਿਚ ਭਾਗ ਲੈਣ ਚੰਡੀਗੜ੍ਹ ਚਲੇ ਗਏ।

ਇਸ ਦਿਨ ਹਰੀਮੰਦਰ ਸਾਹਿਬ ਪਰਿਸਰ ਵਿਚ ਬਬਰ ਖਾਲਸਾ ਵਲੋਂ ਵੰਡੇ ਗਏ ਪੈਂਫਲਿਟ ਵਿਚ ਭਿੰਡਰਾਂਵਾਲੇ ਤੇ ਦੋਸ਼ ਲਾਇਆ ਗਿਆ ਹੈ ਕਿ ਉਸਨੇ ਆਪਣੇ ਉਹਨਾਂ ਪੈਰੋਕਾਰਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਜੋ ਹਰਿਮੰਦਰ ਸਾਹਿਬ ਵਿਚ ਸ਼ਰਾਬ ਪੀਂਦੇ ਫੜੇ ਗਏ।

ਪੈਂਫਲਿਟ ਵਿਚ ਕਿਹਾ ਗਿਆ ਹੈ ਕਿ ਇਸ ਤਥਾਕਥਿਤ ਧਾਰਮਿਕ ਆਗੂ ਦਾ ਨਿਜੀ ਸੇਵਾਦਾਰ 26 ਸਤੰਬਰ ਨੂੰ ਕੰਪਲੈਕਸ ਦੇ ਕਮਰਾ ਨੰਬਰ 167 ਵਿਚ ਇਕ ਲੜਕੀ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਿਆ। ਇਸ ਵਿਚ ਸਿੱਖ ਫੈਡਰੇਸ਼ਨੀਆਂ ਉਪਰ ਸਮਗਲਿੰਗ ਦਾ ਧੰਦਾ ਕਰਨ ਅਤੇ ਉਹਨਾਂ ਉਪਰ ਅਕਾਲ ਰੈਸਟ ਹਾਊਸ ਦੇ ਕਮਰਾ ਨੰ:24 - 25 ਵਿਚ ਇਕ ਲੜਕੀ ਨੂੰ ਅਗਵਾ ਕਰਕੇ ਰੱਖਣ ਦਾ ਦੋਸ਼ ਲਾਇਆ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਅਕਾਲ ਤਖਤ ਦੀਆਂ ਰਵਾਇਤਾਂ ਵਿਰੁਧ ਇਥੇ ਹਰਮਿੰਦਰ ਸਿੰਘ ਸੰਧੂ ਦੀ ਕੁੜਮਾਈ ਕੀਤੀ ਗਈ।।

ਅਕਾਲੀ ਦਲ ਨੇ ਇਕ ਬਿਆਨ ਵਿਚ ਧਰਮ-ਯੁਧ ਦੀ ਲੀਡਰਸ਼ਿਪ ਵਿਰੁਧ ਕੁਝ ਵਿਅਕਤੀਆਂ ਵਲੋਂ ਇਕ ਸਾਜ਼ਿਸ਼ ਹੇਠ ਚਲਾਈ ਗਈ ਇਸ ਘਿਰਨਤ ਮੁਹਿੰਮ ਦੀ ਨਿੰਦਾ ਕੀਤੀ ਹੈ ਇਸ ਵਿਚ ਕਿਹਾ ਗਿਆ ਹੈ ਕਿ ਇਹ ਵਿਅਕਤੀ ਆਪਣੇ ਨਿਜੀ ਅਹਿਕਾਰ ਨੂੰ ਦਲ ਦੀ ਕੀਮਤ ਉਪਰ ਬਣਾਈ ਰਖਣਾ ਚੌਹੁੰਦੇ ਹਨ।

ਇਹ ਦੋਸ਼ ਲਾਇਆ ਗਿਆ ਹੈ ਕਿ ਇਹ ਹਿੰਦੂ ਅਤੇ ਸਿੱਖਾਂ ਵਿਚਕਾਰ ਪਾੜਾ ਪਾਉਣ ਲਈ ਸਰਕਾਰ ਦੀ ਬੋਲੀ ਬੋਲ ਰਹੇ ਹਨ।

ਬਿਆਨ ਵਿਚ ਕਿਹਾ ਹੈ ਕਿ ਅਕਾਲੀ ਦਲ ਇਕ ਵਿਅਕਤੀ ਦੇ ਅਧਿਕਾਰ ਨੂੰ ਪੂਰਾ ਕਰਨ ਲਈ ਪੰਜਾਬ ਤੋਂ ਬਾਹਰ ਰਹਿੰਦੇ 50 ਲੱਖ ਸਿੱਖਾਂ ਦੇ ਹਿਤਾਂ ਦਾ ਬਲੀਦਾਨ ਨਹੀਂ ਕਰ ਸਕਦਾ। ਬਿਆਨ ਵਿਚ ਕਿਹਾ ਗਿਆ ਹੈ ਕਿ ਅਕਾਲੀ ਦਲ ਸਾਰੀ ਮਨੁਖਤਾ ਦੇ ਭਲੇ ਲਈ ਖੜਾ ਹੈ ਅਤੇ ਇਹ ਹਿੰਦੂਆਂ, ਮੁਸਲਮਾਨਾਂ, ਈਸਾਈਆਂ ਅਤੇ ਹਰੀਜਨਾਂ ਦੇ ਵਿਰੁਧ ਨਹੀਂ ਹੈ।

ਇਸ ਹੀ ਵਿਸਾਖੀ ਦੇ ਪੁਰਬ ਤੇ ਹਰੀਮੰਦਰ ਸਾਹਿਬ ਵਿਚ ਚਲੀ ਗੋਲੀ ਵਿਚ ਇਹ ਤਿੰਨ ਵਿਅਕਤੀ ਜ਼ਖਮੀ ਹੋ ਗਏ ਜਿਨ੍ਹਾਂ ਵਿਚ ਇਕ ਬੱਚਾ ਤੇ ਇਕ ਔਰਤ ਸ਼ਾਮਲ ਸੀ।

## ਅਕਾਲੀ ਦਲ ਦੀ ਪ੍ਰਧਾਨ ਮੰਤਰੀ ਵਲੋਂ ਨਿਖੇਧੀ

ਮੰਡੀ — ਹਿਮਾਚਲ ਪ੍ਰਦੇਸ਼ ਵਿਚ ਮੰਡੀ ਵਿਖੇ ਬੋਲਦਿਆਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਅਕਾਲੀ ਦਲ ਦੇ ਮੋਰਚੇ ਦੇ ਸਬੰਧ ਵਿਚ ਪੁਰਜ਼ੋਰ ਨਿਖੇਧੀ ਕੀਤੀ ਅਤੇ ਕਿਹਾ ਕਿ ਹੁਣ ਇਸ ਪਾਰਟੀ ਤੇ ਕਿਸੇ ਦਾ ਵੀ ਕੰਟਰੋਲ ਨਹੀਂ ਹੈ। ਕਿਸੇ ਵੀ ਮਜ਼ਬ ਨੂੰ ਹਿੰਸਕ ਢੰਗਾਂ ਨਾਲ ਉਨਤ ਨਹੀਂ ਕੀਤਾ ਜਾ ਸਕਦਾ। ਉਹਨਾਂ ਅੱਗੇ ਕਿਹਾ ਕਿ ਪੰਜਾਬ ਦੀਆਂ ਹਿੰਸਕ ਘਟਨਾਵਾਂ ਵਿਚ ਬਿਦੇਸ਼ੀ ਹੱਥ ਹੈ ਅਤੇ ਪਾਕਿਸਤਾਨ ਦਾ ਸਿੱਖ ਵੱਖਵਾਦੀਆਂ ਨਾਲ ਸਿੱਧਾ ਸਬੰਧ ਹੈ।

## ਲੋਪੋਕੇ ਵਿਚ ਅਤਿਵਾਦੀਆਂ ਦਾ ਇਕ ਹੋਰ ਸ਼ਿਕਾਰ — ਸੁਕੇਡਰਿਨ ਲੀਡਰ ਪਰਮਜੀਤ ਸਿੰਘ

ਅੰਮ੍ਰਿਤਸਰ — ਇਥੋਂ ਨਜ਼ਦੀਕ ਲੋਪੋਕੇ ਵਿਖੇ ਸੁਕੇਡਰਿਨ ਲੀਡਰ ਪਰਮਜੀਤ ਸਿੰਘ ਜਿਸ ਨੂੰ ਪ੍ਰੀਤਲੜੀ ਦੇ ਐਡੀਟਰ ਸੁਮੀਤ ਸਿੰਘ ਦੇ ਚੁਚੇਰਾ ਭਰਾ ਕਿਹਾ ਗਿਆ ਹੈ ਅਤਿਵਾਦੀਆਂ ਨੇ ਉਸਦੇ ਘਰ ਵਿਚੋਂ ਕੱਢ ਕੇ ਰੁੱਖ ਨਾਲ ਬੰਨ੍ਹ ਕੇ ਕੁਹਾੜੇ ਮਾਰ ਕੇ ਕਤਲ ਕਰ ਦਿੱਤਾ ਹੈ। ਦੱਸਿਆ ਗਿਆ ਹੈ ਕਿ ਪਰਮਜੀਤ ਸਿੰਘ ਭਾਰਤੀ ਹਵਾਈ ਸੈਨਾ ਦੀ ਟੁਕੜੀ ਜੋ ਰਾਜਾ ਸਾਂਸੀ ਹਵਾਈ ਅੱਡੇ ਤੇ ਕੰਮ ਕਰ ਰਹੀ ਹੈ ਦਾ ਇਕ ਮੁੱਖ ਅਧਿਕਾਰੀ ਸੀ। ਆਪਣੇ ਕੰਮ ਤੋਂ ਵਿਹਲਾ ਹੋ ਕੇ ਉਹ ਆਪਣੇ ਬੁੱਢੇ ਮਾਂ ਬਾਪ ਪਾਸ ਪਿੰਡ ਲੋਪੋਕੇ ਵਿਖੇ ਆ ਕੇ ਰਹਿੰਦਾ ਸੀ। ਯਾਦ ਰਹੇ ਕਿ ਇਸ ਤੋਂ ਪਹਿਲਾਂ ਵੀਹ ਫਰਵਰੀ ਨੂੰ ਲੋਪੋਕੇ ਵਿਚ ਹੀ ਪ੍ਰੀਤਲੜੀ ਦੇ ਐਡੀਟਰ ਸੁਮੀਤ ਸਿੰਘ ਦਾ ਵੀ ਅਤਿਵਾਦੀਆਂ ਹੱਥੋਂ ਕਤਲ ਹੋਇਆ ਸੀ।

## ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਹੰਗਾਮੀ ਮੀਟਿੰਗ ਲਈ ਸੱਦਾ

ਅੰਮ੍ਰਿਤਸਰ — ਪਤਾ ਲੱਗਾ ਹੈ ਕਿ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਅਕਾਲੀ ਦਲ ਦੀ ਹੰਗਾਮੀ ਮੀਟਿੰਗ 27 ਅਪ੍ਰੈਲ 84 ਨੂੰ ਬੁਲਾਈ ਹੈ ਜਿਸ ਵਿਚ ਉਹ ਮੋਰਚੇ ਅਤੇ ਅਕਾਲੀ ਦਲ ਦਾ ਅਗਲਾ ਪ੍ਰੋਗਰਾਮ ਉਲੀਕਣਗੇ। ਇਹ ਵੀ ਪਤਾ ਲੱਗਾ ਹੈ ਕਿ ਅਕਾਲੀ ਦਲ ਨਾਲ ਕੇਂਦਰ ਸਰਕਾਰ ਅੰਦਰ ਖਾਤੇ ਸੰਪਰਕ ਰੱਖ ਰਹੀ ਹੈ। ਜਿਸ ਵਿਚ ਸ੍ਰੀ ਰਾਜੀਵ ਗਾਂਧੀ ਸ੍ਰੀ ਸ਼ਿਵ ਸ਼ੰਕਰ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਹਿਮ ਰੋਲ ਅਦਾ ਕਰ ਰਹੇ ਹਨ।

## ਪਾਕਿਸਤਾਨ ਦਾ ਹਵਾਈ ਜਹਾਜ਼ ਵਾਪਸ ਦੇ ਦਿੱਤਾ ਗਿਆ

ਮੁਕੇਰੀਆਂ — ਪਾਕਿਸਤਾਨ ਦਾ ਇਕ ਹਵਾਈ ਜਹਾਜ਼ ਜੋ ਕਥਿਤ ਤੌਰ ਤੇ ਗਲਤੀ ਨਾਲ ਸੀਮਾ ਦੀ ਉਲੰਘਣਾ ਕਰਕੇ ਇਥੇ ਆ ਉਤਰਿਆ ਸੀ ਸਣੇ ਉਸਦੇ ਦੋ ਮੁਸਾਫਰਾਂ ਦੇ ਪਾਕਿਸਤਾਨ ਨੂੰ ਵਾਪਸ ਭੇਜ ਦਿੱਤਾ ਗਿਆ ਹੈ। ਪਾਕਿਸਤਾਨ ਅਨੁਸਾਰ ਇਹ ਜਹਾਜ਼ ਗਲਤੀ ਨਾਲ ਸੀਮਾ ਪਾਰ ਕਰ ਆਇਆ ਸੀ

ਅੰਦਰ ਪੜ੍ਹੋ —

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨਾਲ ਮੁਲਾਕਾਤ

ਏਸ਼ੀਆ ਬੁੱਕ ਕੰਪਨੀ

ਪੰਜਾਬੀ, ਹਿੰਦੀ ਦੀਆਂ ਹਰ ਕਿਸਮ ਦੀਆਂ ਕਿਤਾਬਾਂ, ਡਿਕਸ਼ਨਰੀਆਂ, ਜੰਤਰੀਆਂ ਸਾਥੋਂ ਮਿਲ ਸਕਦੀਆਂ ਹਨ।

ਹੇਠ ਲਿਖੇ ਪਤੇ ਤੇ ਮੇਲ ਆਰਡਰ ਕਰੋ

ASIA BOOK CO.
P.O. BOX 67344 STN. 'O' , VANCOUVER, B.C.

Ph. 321-6360

ਕੈਨੇਡਾ ਦਰਪਣ

## ਕੁਨੈਲ ਵਿਖੇ ਸੰਗੀਤ ਕਲਾ ਦੀਆਂ ਚਾਹਵਾਨ

### ਬੀਬੀ ਅਮਰਜੀਤ ਕੌਰ ਬਸਰਾ, ਬੀਬੀ ਪਵਨਜੋਤ ਕੌਰ ਸੰਘੇੜਾ

ਅਪ੍ਰੈਲ 15, 1984 ਨੂੰ ਗੁ: ਸਾਹਿਬ ਕੁਨੈਲ ਵਿਖੇ ਗੁਰੂ ਖਾਲਸੇ ਦਾ ਜਨਮ ਦਿਨ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਸ਼ੁਭ ਦਿਹਾੜੇ ਤੇ 16 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅਖੰਡਪਾਠ ਦੇ ਭੋਗ ਦੀ ਸਮਾਪਤੀ ਪਿਛੋਂ ਸੰਗਤ ਨੂੰ ਨਿਸ਼ਾਨ ਸਾਹਿਬ ਦੇ ਨਵੇਂ ਚੋਲੇ ਪਹਿਨਾਉਣ ਅਤੇ ਲਹਿਰਾਉਣ ਦਾ ਸੁਭਾਗ ਪ੍ਰਾਪਤ ਹੋਇਆ। ਜਿਸਦੀ ਸੇਵਾ ਸੂਬੇਦਾਰ ਉਜਾਗਰ ਸਿੰਘ ਸਹਿਤ ਪਰੀਵਾਰ ਨੇ ਕੀਤੀ।

ਕੁਨੈਲ ਦੇ ਚਮਕਦੇ ਸਿਤਾਰਿਆਂ ਵਿਚੋਂ ਉਪਰੋਕਤ ਦੋਹਾਂ ਬੀਬੀਆਂ ਨੇ ਕੀਰਤਨ ਨਿਰਮੋਲਕ ਹੀਰੇ ਨੂੰ ਅਪਨਾਉਣ ਲਈ ਗੁਰੂ ਸਾਹਿਬ ਜੀ ਤੋਂ ਅਸ਼ੀਰਵਾਦਾਂ ਲਈਆਂ। ਸਟੇਜ ਨੂੰ ਸੰਭਾਲਦਿਆਂ ਹੋਇਆਂ ਇਨ੍ਹਾਂ ਦੋਹਾਂ ਬੀਬੀਆਂ ਨੇ ਰਲਕੇ ਸੰਗੀਤ ਕਲਾ ਦੀਆਂ ਧੁਨਾਂ ਰਾਹੀਂ ਇਉਂ ਗਾਇਨ ਕੀਤਾ

"ਸਿੰਘਾਂ ਦਾ ਦਿਨ ਆਇਆ ਜੀ ਅਜ ਸਿੰਘਾਂ ਦਾ .......॥"

ਧਾਰਮਿਕ ਗੀਤ ਦੀ ਸਮਾਪਤੀ ਪਿਛੋਂ ਦੋਹਾਂ ਬੀਬੀਆਂ ਨੇ ਸੰਖੇਪ ਸ਼ਬਦਾਂ ਵਿਚ ਖਾਲਸਾ ਪੰਥ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਹੋਇਆਂ ਆਪਣੇ ਵਿਚਾਰ ਸੰਗਤ ਦੇ ਸਾਹਮਣੇ ਲਿਆਂਦੇ। ਸੰਗਤ ਸੁਣ ਸੁਣ ਕੇ ਐਨੀ ਪ੍ਰਭਾਵਤ ਹੋਈ ਕਿ "ਕਿਹਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨ" ਵਾਲੀ ਗੱਲ ਸੀ। ਅੰਤ ਵਿਚ ਪ੍ਰਬੰਧਕ ਕਮੇਟੀ ਨੇ ਬੀਬੀਆਂ ਦੀ ਹੌਂਸਲਾ ਅਫਜਾਈ ਲਈ ਇਨ੍ਹਾਂ ਦੋਹਾਂ ਨੂੰ ਇਕ ਇਕ ਵਧੀਆ ਅਤੇ ਬਹੁਮੁੱਲਾ ਟੇਪ ਰੀਕਾਰਡਰ ਇਨਾਮ ਵਜੋਂ ਦਿੱਤਾ ਅੰਤ ਵਿਚ ਜੈਕਾਰਿਆਂ ਦੀਆਂ ਗੂੰਜਾਂ ਨਾਲ ਨਿਸ਼ਾਨ ਸਾਹਿਬ ਦੀ ਰਸਮ ਸੰਪੂਰਨ ਹੋਈ।

ਇਸ ਸਾਰੇ ਪ੍ਰੋਗਰਾਮ ਦਾ ਸਿਹਰਾ ਸਾਡੇ ਗੁਰੂ ਘਰ ਦੇ ਸੇਵਾਦਾਰ ਗ੍ਰੰਥੀ ਗਿਆਨੀ ਸੰਪੂਰਨ ਸਿੰਘ ਜੀ ਦੇ ਸਿਰ ਹੈ। ਜੋ ਆਪਣੀ ਪੂਰੀ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਬੱਚਿਆਂ ਨੂੰ ਵੱਧ ਤੋਂ ਵੱਧ ਗੁਰੂ ਘਰ ਦੀ ਟ੍ਰੇਨਿੰਗ ਦੇ ਰਹੇ ਹਨ। ਪ੍ਰਬੰਧਕ ਕਮੇਟੀ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕਰਦੀ ਹੈ।



## ਫੂਡ ਕਮੇਟੀ ਕਾਇਮ

ਜੋ ਲੇਖ ਆਪਨੇ ਪਿਛਲੀ ਵੇਰ ਆਪਦੇ ਅਖਬਾਰ ਵਿਚ ਛਾਪਿਆ ਸੀ ਉਸਦਾ ਬਹੁਤ ਹੀ ਧੰਨਵਾਦ ਕਰਦੇ ਹਾਂ। ਕਿਉਂਕਿ ਕਈ ਸੱਜਣਾਂ ਦੇ ਫੂਨ ਆਏ ਤੇ ਵਲੰਟੀਅਰ ਬਣੇ। ਹੁਣ ਫੂਡ ਕਮੇਟੀ ਦੇ ਮੈਂਬਰ ਇਹ ਹਨ :— ਦਰਸ਼ਨ ਸਿੰਘ ਢਿੱਲੋਂ, ਇਕਬਾਲ ਕਾਹਲੋਂ, ਕਰਤਾਰ ਸਿੰਘ ਆਹਲੂਵਾਲੀਆ, ਬਲਵਿੰਦਰ ਸਿੱਧੂ, ਬਲਵਿੰਦਰ ਤੇ ਗੋਵਿੰਦਰ ਗਰੇਵਾਲ (ਦੋਨੋਂ ਭਰਾ)।

ਚਰਨਪਾਲ ਗਿੱਲ ਨੇ ਨਿਊਵੈਸਟ ਮਿਨਸਟਰ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਕਿ ਉਹ ਗੈਸ ਲਈ ਮੱਦਦ ਕਰਨ। ਇਹ ਬੜੀ ਖੁਸ਼ੀ ਨਾਲ ਲਿਖਦੇ ਹਾਂ ਕਿ ਪ੍ਰਬੰਧਕ ਕਮੇਟੀ ਤੇ ਪ੍ਰਧਾਨ ਬਲਵੀਰ ਸਿੰਘ ਹਾਰਾ ਨੇ ਦੱਸ ਡਾਲੇ ਹਰ ਹਫਤੇ ਗੈਸ ਦੀ ਮਨਜ਼ੂਰੀ ਕੀਤੀ। ਜੇ ਗੈਸ ਦੀ ਹੋਰ ਭੀ ਲੋੜ ਪਈ ਤਾਂ ਹਾਰਡੀ ਸਿੰਘ ਤੇ ਰਾਜ ਫੂਡ ਸਟੋਰ ਬਰਨਬੀ ਨੇ ਭੀ ਵਾਅਦਾ ਕੀਤਾ ਕਿ ਉਹ ਦਾਨ ਕਰਨਗੇ। ਇਸ ਹਿੰਮਤ ਸਦਕਾ ਖੁਰਾਕ ਹਰ ਐਤਵਾਰ ਗਰੀਬ ਲੋਕਾਂ ਨੂੰ ਪਹੁੰਚਾਈ ਜਾਇਆ ਕਰੇਗੀ। ਨਾਨਕਸਰ ਗੁਰਦੁਆਰੇ ਨੇ ਭੀ ਪਿਛਲੀ ਵੇਰ ਆਪਦੇ ਵਲੰਟੀਅਰ ਭੇਜ ਕੇ ਖੁਰਾਕ ਪਹੁੰਚਦੀ ਕੀਤੀ।

ਚਰਨਪਾਲ ਗਿੱਲ

## ਨਗਾਰਾ ਕਾਲਜ ਕੈਂਪਸ 100-49 ਐਵੇਨਿਊ ਵਿਖੇ

ਹਿੰਦੋਸਤਾਨੀ ਬੋਲੀਆਂ ਦੀਆਂ ਕਲਾਸਾਂ ਫਿਰ ਸ਼ੁਰੂ ਹੋ ਰਹੀਆਂ ਹਨ। ਅੱਗੇ ਵੀ ਪੰਜਾਬੀ ਤੇ ਹਿੰਦੀ 18 ਘੰਟਿਆਂ ਵਿਚ ਕਈਆਂ ਨੇ ਸਿੱਖੀ ਹੈ। ਹੁਣ ਵੀ ਕਲਾਸਾਂ ਸ਼ੁਰੂ ਹੋਣ ਵਾਲੀਆਂ ਹਨ ਜਿਸਤੋਂ ਲਾਭ ਉਠਾਉਣ ਲਈ ਫੋਨ ਕਰੋ 278-5389 ਜਾਂ ਨਗਾਰਾ ਕਾਲਜ ਤੋਂ ਪੂਰੀ ਜਾਣਕਾਰੀ ਲੈ ਸਕਦੇ ਹੋ।



## ਗੁਰਦੁਆਰਾ ਸਾਹਿਬ ਪ੍ਰਿੰਸ ਰੂਪਰਟ ਵਿਚ ਇੰਡੋ ਕਨੇਡੀਅਨ ਸਿੱਖ ਐਸੋਸੀਏਸ਼ਨ ਦੀ ਗਿਆਰਵੀਂ ਸਾਲਾਨਾ ਮੀਟਿੰਗ

ਇਥੇ 15 ਅਪਰੈਲ ਨੂੰ ਇੰਡੋ ਕਨੇਡੀਅਨ ਸਿੱਖ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ ਬੁਲਾਈ ਗਈ ਜਿਸ ਵਿਚ 84-85 ਲਈ ਕਮੇਟੀ ਦੀ ਚੋਣ ਕੀਤੀ ਗਈ ਜੋ ਇਸ ਪ੍ਰਕਾਰ ਹੈ :—

| | |
|---|---|
| ਜਰਨੈਲ ਸਿੰਘ ਦੂੱਲੀ | ਪ੍ਰਧਾਨ |
| ਹਰਨੇਕ ਸਿੰਘ ਬਰਾੜ | ਮੀਤ-ਪ੍ਰਧਾਨ |
| ਹਰਭਜਨ ਸਿੰਘ ਸੰਘਾ | ਸਕੱਤਰ |
| ਜਸਮਿੰਦਰ ਸਿੰਘ | ਸਹਾਇਕ ਸਕੱਤਰ |
| ਗੁਵਿੰਦਰ ਸਿੰਘ ਮੱਲ੍ਹੀ | ਖਜ਼ਾਨਚੀ |
| ਬਲਦੇਵ ਸਿੰਘ ਧਾਲੀਵਾਲ | ਸਹਾਇਕ ਖਜ਼ਾਨਚੀ |

ਅਮਰਜੀਤ ਸਿੰਘ ਪੰਨੂ, ਹਰਦਿਆਲ ਸਿੰਘ ਕੰਥ ਅਤੇ ਸੁਖਬੀਰ ਸਿੰਘ ਸੰਧੂ ਡਾਇਰੈਕਟਰ ਚੁਣੇ ਗਏ

ਵਿਸਾਖੀ ਦੇ ਸ਼ੁਭ ਅਵਸਰ ਤੇ ਪ੍ਰਿੰਸ ਰੂਪਰਟ ਦੀ ਸਿੱਖ ਕਮਿਊਨਿਟੀ ਵਲੋਂ ਪੰਜਾਬ ਦੇ ਸ਼ਹੀਦਾਂ ਦੇ ਪ੍ਰਵਾਰਾਂ ਲਈ ਗਿਆਰਾਂ ਸੌ ਡਾਲਰ ਦਿੱਤੇ ਗਏ।

ਇਕ ਮਤੇ ਅਨੁਸਾਰ ਇੰਡੋ ਕਨੇਡੀਅਨ ਸਿੱਖ ਐਸੋਸੀਏਸ਼ਨ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਜੋ ਕਿ ਅੰਮ੍ਰਿਤਸਰ ਵਿਚ ਸਿੱਖਾਂ ਦੇ ਮਜ਼ਬੀ ਅਤੇ ਕੇਂਦਰੀ ਸੰਸਥਾ ਹੈ ਨਾਲ ਸੰਪਰਕ ਰੱਖੇਗੀ ਅਤੇ ਸਿੱਖ ਰਹਿਤ ਮਰਿਯਾਦਾ ਕਾਇਮ ਰੱਖੇਗੀ ਜੋ ਕਿ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਨੇ 1945 ਵਿਚ ਪਾਸ ਕੀਤੀ ਹੈ।

ਸਿੱਖ ਐਸੋਸੀਏਸ਼ਨ ਵੈਸਟਰਨ ਸਿੱਖ ਸਮਾਚਾਰ ਸੁਸਾਇਟੀ ਆਫ ਵੈਨਕੂਵਰ ਦੀ ਮੈਂਬਰ ਰਹੇਗੀ ਅਤੇ ਸਕੀਨਾ ਸਿੱਖ ਕੌਂਸਲ ਦੀ ਵੀ ਮੈਂਬਰ ਹੋਵੇਗੀ। ਇਸ ਸਮੇਂ ਇੰਡੋ ਕਨੇਡੀਅਨ ਸਿੱਖ ਐਸੋਸੀਏਸ਼ਨ ਪ੍ਰਿੰਸ ਰੂਪਰਟ ਬੀ. ਸੀ. ਦੇ 169 ਵੋਟਿੰਗ ਮੈਂਬਰ ਹਨ।

ਹਰਭਜਨ ਸਿੰਘ ਸੰਘਾ

ਮੁਜਕੋ ਤਾਂਰੀਕ ਸਮੰਦਰ ਸੇ ਉਭਾਰੇ ਕੋਈ।
ਮੇਰੇ ਸੀਨੇ ਮੇਂ ਨਏ ਜ਼ਖ਼ਮ ਉਤਾਰੇ ਕੋਈ।
ਮੁਜਕੋ ਟਕਰਾ ਦੇ ਕਿਸੀ ਕੋਹੇ ਬਲਾ ਸੇ ਇਸ ਬਾਰ,
ਮੇਰੀ ਚਾਹਤ ਮੇਂ ਮੁਜੇ ਫੂਲ ਨਾ ਮਾਰੇ ਕੋਈ।




WALK FOR PEACE



SATURDAY, APRIL 28, 1984
Assemble Kits Park 11:00 a.m.
Rally - Sunset Beach 2:00 p.m.
SPONSORED BY END THE ARMS RACE AND THE CITY OF VANCOUVER

# ਪੰਜਾਬ ਦਰਪਣ

## ਸੀ.ਆਰ.ਪੀ. — ਪੰਜਾਬ ਪੁਲੀਸ ਵਿਚ ਮਤਭੇਦ ਹੋਰ ਵਧੇ

ਅੰਮ੍ਰਿਤਸਰ — ਪੰਜਾਬ ਵਿਚ ਖਾਸ ਕਰਕੇ ਅੰਮ੍ਰਿਤਸਰ ਵਿਚ ਰਹਿਣ ਵਾਲੇ ਹਿੰਦੂ ਲੋਕਾਂ ਦਾ ਵਿਸ਼ਵਾਸ਼ ਪੰਜਾਬ ਪੁਲੀਸ ਤੋਂ ਉਠ ਗਿਆ ਹੈ, ਪਿਛਲੇ ਦੋ ਸਾਲਾਂ ਤੋਂ ਸਿਖਾਂ ਦੀ ਵਧੇਰੇ ਗਿਣਤੀ ਵਾਲੀ ਕੇਂਦਰੀ ਰੀਜ਼ਰਵ ਪੁਲੀਸ (ਸੀ.ਆਰ.ਪੀ.) ਪੰਜਾਬ ਪੁਲੀਸ ਦੀ ਮਦਦ ਕਰ ਰਹੀ ਹੈ। ਪ੍ਰੰਤੂ ਇਉਂ ਪ੍ਰਤੀਤ ਹੋ ਰਿਹਾ ਹੈ ਕਿ ਸੀ.ਆਰ.ਪੀ.ਐਫ ਅਤੇ ਪੰਜਾਬ ਹਥਿਆਰਬੰਦ ਪੁਲੀਸ (ਪੀ.ਏ.ਪੀ.) ਦੋਨੋ ਹੀ ਇਕ ਦੂਜੇ ਦੇ ਵਿਰੁਧ ਹੋ ਗਈਆਂ ਹਨ। ਪਿਛਲੀਆਂ ਕੁਝ ਘਟਨਾਵਾਂ ਨੂੰ ਲੈਕੇ ਦੋਨੋ ਹੀ ਇਕ ਦੂਜੀ ਦੀ ਖੁਲ੍ਹ ਕੇ ਆਲੋਚਨਾ ਕਰ ਰਹੀਆਂ ਹਨ। ਇਥੋਂ 20 ਕਿਲੋਮੀਟਰ ਦੂਰ ਕਥੂਨੰਗਲ ਵਿਚ ਇਹ ਗੱਲ ਬਹੁਤ ਸਾਫ ਨਜ਼ਰ ਆਈ ਜਿਥੇ ਪੰਜਾਬ ਹਥਿਆਰਬੰਦ ਪੁਲੀਸ ਦੇ ਜਵਾਨਾਂ ਨੇ 5 ਅਪ੍ਰੈਲ ਨੂੰ ਵਿਰੋਧ ਵਜੋਂ ਚਾਹ ਤੇ ਨਾਸ਼ਤਾ ਕਰਨ ਤੋਂ ਇਨਕਾਰ ਕਰ ਦਿਤਾ।

ਪੰਜਾਬ ਹਥਿਆਰਬੰਦ ਪੁਲੀਸ (ਪੀ.ਏ.ਪੀ.) ਦੇ ਜਵਾਨਾਂ ਦਾ ਦੋਸ਼ ਸੀ ਕਿ 3 ਅਪ੍ਰੈਲ ਦੀ ਹਿੰਸਾ ਵਿਚ ਕਾਂਸਟੇਬਲ ਜੁਗਿੰਦਰ ਸਿੰਘ ਮਰਿਆ ਨਹੀਂ ਸੀ ਸਗੋਂ ਉਸਨੂੰ ਕੇਂਦਰੀ ਰੀਜ਼ਰਵ ਪੁਲੀਸ ਨੇ ਮਾਰ ਦਿਤਾ ਸੀ। ਪੀ.ਏ.ਪੀ. ਦੇ ਜਵਾਨ ਉਸ ਸਮੇਂ ਹੋਰ ਭੜਕ ਪਏ ਜਦੋਂ ਪੁਲੀਸ ਨੇ ਸੈਂਟਰਲ ਰੀਜ਼ਰਵ ਪੁਲੀਸ ਦੇ ਉਸ ਵਿਅਕਤੀ ਦੇ ਖਿਲਾਫ ਕਾਂਸਟੇਬਲ ਜੁਗਿੰਦਰ ਸਿੰਘ ਦੀ ਹਤਿਆ ਕਰਨ ਸਬੰਧੀ ਰੀਪੋਰਟ ਦਰਜ ਨਹੀਂ ਕੀਤੀ।

14 ਫਰਵਰੀ ਨੂੰ ਜਦੋਂ ਹਿੰਦੂ ਸੁਰਖਸ਼ਾ ਸੰਮਤੀ ਨੇ ਬੰਦ ਦਾ ਸੱਦਾ ਦਿੱਤਾ ਸੀ ਤਾਂ ਡਿਪਟੀ ਸੁਪਰਡੈਂਟ ਆਫ ਪੁਲੀਸ ਨੇ ਸੈਂਟਰਲ ਰੀਜ਼ਰਵ ਪੁਲੀਸ ਅਤੇ ਨਾਗਿਰਕਾਂ ਵਿਚਕਾਰ ਹੋ ਰਹੇ ਵਿਵਾਦ ਨੂੰ ਖਤਮ ਕਰਨ ਲਈ ਦਖਲ ਦਿਤਾ ਜਿਸ ਵਿਚ ਉਸਦੇ ਹੱਥਾਂ ਉਤੇ ਤਲਵਾਰਾਂ ਨਾਲ ਜ਼ਖਮ ਆ ਗਏ। ਪੁਲੀਸ ਨੇ ਇਸ ਉਤੇ ਕਿਹਾ ਕਿ ਲੋਕਾਂ ਦੀ ਭੀੜ ਰੀਜ਼ਰਵ ਪੁਲੀਸ ਦੇ ਜਵਾਨ ਦੇ ਵਤੀਰੇ ਉਤੇ ਵਿਰੋਧ ਪ੍ਰਗਟ ਕਰ ਰਹੀ ਸੀ ਜਿਸ ਵਿਚ ਡੀ.ਐਸ.ਪੀ. ਜ਼ਖਮੀ ਹੋ ਗਿਆ।

21 ਫਰਵਰੀ ਨੂੰ ਕੇਂਦਰੀ ਰੀਜ਼ਰਵ ਪੁਲੀਸ ਦੇ ਜਵਾਨ ਨੇ ਕਥਿਤ ਤੌਰ ਤੇ ਨਾ ਕੇਵਲ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਨੂੰ ਧੱਕਾ ਦਿਤਾ ਸਗੋਂ ਉਸ ਨਾਲ ਦੁਰ-ਵਿਵਹਾਰ ਵੀ ਕੀਤਾ।

ਪੰਜਾਬ ਪੁਲੀਸ ਦਾ ਦੋਸ਼ ਹੈ ਕਿ ਕੇਂਦਰੀ ਰੀਜ਼ਰਵ ਪੁਲੀਸ ਉਤੇਜਤ ਭੀੜ ਨੂੰ ਸ਼ਾਂਤ ਕਰਨ ਦੀ ਬਜਾਏ ਦਰਸ਼ਕ ਬਣੀ ਖੜੀ ਰਹਿੰਦੀ ਹੈ। ਕੇਂਦਰੀ ਰੀਜ਼ਰਵ ਪੁਲੀਸ ਦਾ ਦੂਜਾ ਖਰਾਬ ਦ੍ਰਿਸ਼ ਇਹ ਹੈ ਕਿ 3 ਅਪ੍ਰੈਲ ਨੂੰ ਹੀ ਉਤੇਜਤ ਭੀੜ ਨੇ ਪ੍ਰੀਤਮ ਸਿੰਘ ਭਿੰਡਰ ਨਾਲ ਦੁਰਵਿਹਾਰ ਕੀਤਾ।

2 ਅਪ੍ਰੈਲ ਨੂੰ ਜਦੋਂ ਭਾਜਪਾ ਲੀਡਰ ਹਰਬੰਸ ਲਾਲ ਖੰਨਾ ਦਾ ਕਤਲ ਹੋਇਆ ਤਾਂ ਲੋਕਾਂ ਨੇ ਪੰਜਾਬ ਪੁਲੀਸ ਦਾ ਕਰੜਾ ਵਿਰੋਧ ਕੀਤਾ। ਜਿਥੇ ਕਿਤੇ ਵੀ ਉਹ ਪੰਜਾਬ ਪੁਲੀਸ ਦੇ ਕਿਸੇ ਸਿਪਾਹੀ ਨੂੰ ਦੇਖਦੇ ਉਸ ਉਤੇ ਹਮਲਾ ਕਰਨ ਦਾ ਜਤਨ ਕਰਦੇ, ਪ੍ਰਸ਼ਾਸਨਕ ਅਧਿਕਾਰੀਆਂ ਨੇ ਫਿਰ ਪੰਜਾਬ ਪੁਲੀਸ ਹਟਾ ਦਿਤੀ ਅਤੇ ਪੂਰੇ ਸ਼ਹਿਰ ਵਿਚ ਕੇਂਦਰੀ ਰੀਜ਼ਰਵ ਪੁਲੀਸ ਤੇ ਸਰਹਦੀ ਸੁਰਖਿਆ ਦਲ (ਬੀ.ਐਸ.ਐਫ.) ਦੇ ਦਸਤੇ ਤਾਇਨਾਤ ਕਰ ਦਿਤੇ। ਇਸ ਨਾਲ ਪੰਜਾਬ ਪੁਲੀਸ ਵਿਚ ਕਾਫੀ ਅਸੰਤੋਸ਼ ਵਧਿਆ।

ਕੇਂਦਰੀ ਰੀਜ਼ਰਵ ਪੁਲੀਸ , ਬੀ.ਐਸ.ਐਫ. ਅਤੇ ਪੰਜਾਬ ਪੁਲੀਸ ਦੇ ਉਚ ਅਧਿਕਾਰੀਆਂ ਨੇ ਰਾਜਪਾਲ ਬੀ.ਡੀ.ਪਾਂਡੇ ਦੇ ਸਲਾਹਕਾਰ ਸੁਰਿੰਦਰਨਾਥ ਨਾਲ ਇਹਨਾ ਸੱਮਸਿਆਵਾਂ ਤੇ ਵਿਚਾਰ ਕੀਤੀ।

ਦੂਜੇ ਪਾਸੇ ਕੇਂਦਰੀ ਰੀਜ਼ਰਵ ਪੁਲੀਸ ਦੀ ਸ਼ਕਾਇਤ ਹੈ ਕਿ ਸਵਾਰਥੀ ਹਿਤਾਂ ਦੇ ਕਾਰਨ ਉਨ੍ਹਾਂ ਦੇ ਖਿਲਾਫ ਮੁਹਿੰਮ ਛੇੜੀ ਗਈ ਹੈ। ਕੇਂਦਰੀ ਰੀਜ਼ਰਵ ਪੁਲੀਸ ਨੇ ਨਿਰਪਖ ਰਹਿਣ ਤੇ ਆਦੇਸ਼ਾਂ ਦਾ ਪਾਲਣ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ।

## ਸੰਤਾਂ ਨੇ ਇੰਦਰਾ ਦੇ ਭਰੋਸੇ ਤੇ ਅੰਦੋਲਨ ਵਾਪਸ ਲਿਆ

### ਕੇਂਦਰ ਤੇ ਦਲ ’ਚ ਗੁਪਤ ਸਮਝੌਤਾ

ਮੋਗਾ — ਅਕਾਲੀ ਦਲ ਦੇ ਨੇੜੇ ਦੇ ਹਲਕਿਆਂ ਤੋਂ ਇਹ ਜਾਣਕਾਰੀ ਪ੍ਰਾਪਤ ਹੋਈ ਹੈ ਕਿ 31 ਮਾਰਚ ਨੂੰ ਅਕਾਲੀ ਦਲ ਵਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਜੋ ਆਜ਼ਾਦ ਸਪਤਾਹ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਹੈ ਉਸ ਪਿਛੇ ਇਹ ਰਾਜ਼ ਹੈ ਕਿ ਉਸ ਰਾਤ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਸੰਤ ਜੀ ਨੂੰ ਟੈਲੀਫੋਨ ਤੇ ਪੰਜਾਬ ਮਸਲੇ ਨੂੰ ਹਲ ਕਰਣ ਬਾਰੇ ਵਿਸ਼ਵਾਸ ਦਵਾਇਆ ਸੀ ਇਸੇ ਕਰਕੇ ਹੀ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਈ ਨਵਾਂ ਬਿਆਨ ਨਹੀਂ ਦੇ ਰਹੇ ਅਤੇ ਪ੍ਰਧਾਨ ਮੰਤਰੀ ਵਲੋਂ ਕੀਤੇ ਜਾਣ ਵਾਲੇ ਐਲਾਨ ਦੀ ਉਮੀਦ ਵਿਚ ਹਨ। ਇਹ ਵੀ ਪਤਾ ਲਗਾ ਹੈ ਕਿ ਅੰਦਰੂਨੀ ਤੌਰ ਤੇ ਅਕਾਲੀ ਦਲ ਅਤੇ ਕੇਂਦਰ ਵਿਚ ਕੋਈ ਸਮਝੌਤਾ ਤਕਰੀਬਨ ਹੋ ਹੀ ਗਿਆ ਹੈ, ਜੋ ਸਿਰਫ ਲਾਗੂ ਹੋਣ ਵਾਲਾ ਹੈ ਉਸਦਾ ਐਲਾਨ ਕਿਸੇ ਪਲ ਵੀ ਪ੍ਰਧਾਨ ਮੰਤ੍ਰੀ ਜੀ ਵਲੋਂ ਕੀਤਾ ਜਾਣਾ ਸੰਭਵ ਹੈ।

## ਅਕਾਲੀ ਮੁਖੀ ਵਲੋਂ ਮੋਰਚੇ ਪਿਛੇ ਬਦੇਸ਼ੀ ਹਥ ਹੋਣ ਤੋਂ ਇਨਕਾਰ

ਅੰਮ੍ਰਿਤਸਰ — ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦਲ ਦੇ ਹੈਡਕੁਆਰਟਰ ਤੋਂ ਜਾਰੀ ਕੀਤੇ ਇਕ ਬਿਆਨ ਵਿਚ ਕਿਹਾ ਹੈ ਕਿ ਸਾਡੇ ਅੰਦੋਲਨ ਪਿਛੇ ਬਦੇਸ਼ੀ ਹਥ ਹੋਣ ਦੀ ਗਲ ਸਾਬਤ ਹੋ ਜਾਏ ਤਾਂ ਮੈਂ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿਆਂਗਾ। ਉਹਨਾਂ ਕਿਹਾ ਕਿ ਪਾਰਲੀਮੈਂਟ ਵਿਚ ਜਿਹੜਾ ਦੋਸ਼ ਲਾਇਆ ਗਿਆ ਹੈ ਉਹ ਬਿਲਕੁਲ ਗਲਤ ਹੈ।

ਜੇ ਇਹ ਦੋਸ਼ ਸਾਬਤ ਨ ਹੋ ਸਕੇ ਤਾਂ ਪ੍ਰਧਾਨ ਮੰਤਰੀ ਨੂੰ ਅਸਤੀਫਾ ਦੇਣਾ ਚਾਹੀਦਾ ਹੈ।

ਉਹਨਾਂ ਇਸ ਦੋਸ਼ ਨੂੰ ਘਟੀਆ ਇਲਜ਼ਾਮ ਦਸਿਆ ਅਤੇ ਕਿਹਾ ਕਿ “ਇਹ ਦੋਸ਼ ਨਿੰਦਣਯੋਗ ਹੈ। ਪੰਜਾਬੀਆਂ ਦੇ ਸੰਵਿਧਾਨਕ ਹੱਕਾਂ ਨੂੰ ਦਬਾਇਆ ਨਹੀਂ ਜਾ ਸਕਦਾ। ਸਾਡਾ ਅੰਦੋਲਨ ਅਹਿੰਸਕ ਅਤੇ ਪੁਰਅਮਨ ਹੈ ਤੇ ਮੰਗਾਂ ਦੀ ਪ੍ਰਾਪਤੀ ਤਾਈਂ ਨਿਰੰਤਰ ਜਾਰੀ ਰਹੇਗਾ।

## ਸੰਤ ਲੌਂਗੋਵਾਲ ਨੂੰ ਪਿਛੇ ਧਕਣ ਤੇ ਭਿੰਡਰਾਂਵਾਲੇ ਨੂੰ ਅੱਗੇ ਕਰਣ ਦੀ ਮੁਹਿੰਮ

ਜਲਾਲਾਬਾਦ — ਫੀਰੋਜ਼ਪੁਰ ਬਠਿੰਡਾ, ਸੰਗਰੂਰ ਤੇ ਫਰੀਦਕੋਟ ਜ਼ਿਲਿਆਂ ਦੇ ਸਿਖ ਜਥਿਆਂ ਨੇ ਇਕ ਪੈਂਫਲਿਟ ਰਾਹੀਂ ਡਿਕਟੇਟਰ ਸ਼ਬਦ ਨੂੰ ਪੰਥ ਸਿਧਾਂਤ ਦੇ ਉਲਟ ਕਿਹਾ ਹੈ ਅਤੇ ਦੋਸ਼ ਲਾਇਆ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਿਧੇ ਸਾਦੇ ਲੋਕਾਂ ਉਤੇ ਕਾਠੀ ਪਾ ਰਖੀ ਹੈ।

ਪੈਂਫਲਿਟ ਵਿਚ ਸਿਖ ਨੌਜਵਾਨਾ ਨੇ ਭਿੰਡਰਾਂਵਾਲੇ ਨੂੰ ਅਕਾਲ ਤਖਤ ਦਾ ਜਥੇਦਾਰ ਥਾਪਣ ਤੇ ਸੰਤ ਲੌਂਗੋਵਾਲ ਨੂੰ ਪਿਛੇ ਹਟਾ ਦੇਣ ਦਾ ਸੱਦਾ ਦਿਤਾ ਹੈ।

ਅਕਾਲੀ ਆਗੂਆਂ ਪ੍ਰਕਾਸ਼ ਸਿੰਘ ਬਾਦਲ , ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਤੇ ਰਵਿੰਦਰ ਸਿੰਘ ਉਤੇ ਸਰਕਾਰ ਤੇ ਹਿੰਦੂ ਫਿਰਕਾ ਪ੍ਰਸਤਾਂ ਨਾਲ ਮਿਲਕੇ ਸਿਖਾਂ ਨੂੰ ਨੁਕਸਾਨ ਪਹੰਚਾਣ ਦਾ ਵੀ ਦੋਸ਼ ਲਾਇਆ ਗਿਆ ਹੈ।

## ਜ਼ਿਲਾ ਫਰੀਦਕੋਟ ਵਿਚ ਹਥਿਆਰ ਲੈ ਕੇ ਚਲਣ ਦੀ ਖੁਲ੍ਹ

ਮਲੋਟ — ਮੰਜਿਸਟਰੇਟ ਜ਼ਿਲਾ ਫਰੀਦਕੋਟ ਦੇ ਹੁਕਮ ਅਨੁਸਾਰ ਜ਼ਿਲਾ ਫਰੀਦ ਕੋਟ ਵਿਚ ਹਥਿਆਰਾਂ ਤੋਂ ਪਾਬੰਦੀ ਖੋਲ੍ਹ ਦਿਤੀ ਗਈ ਹੈ। ਇਹ ਪਿਛਲੇ ਸਮੇਂ ਤੋਂ ਲਗੀ ਹੋਈ ਸੀ। ਹੁਣ ਕੋਈ ਵੀ ਆਦਮੀ ਆਪਣਾ ਲਾਈਸੈਂਸ ਸ਼ੁਦਾ ਹਥਿਆਰ ਲੈਕੇ ਚਲ ਫਿਰ ਸਕਦਾ ਹੈ।

## ਪੈਰਾ ਮਿਲਟਰੀ ਕਰਮਚਾਰੀਆਂ ਨਾਲ ਅਤਿਵਾਦੀਆਂ ਦੀ ਟੱਕਰ

ਚੰਡੀਗੜ੍ਹ — ਪੈਰਾਮਿਲਟਰੀ ਦੇ ਕਰਮਚਾਰੀਆਂ ਨੇ ਇਕ ਬੱਸ, ਜਿਸ ਵਿਚ ਕੁਝ ਹਥਿਆਰਬੰਦ ਸਿੱਖ ਅਤਿਵਾਦੀ ਬੰਦੂਕਾਂ ਅਤੇ ਨੇਜ਼ਿਆਂ ਦੇ ਨਾਲ ਸਫਰ ਕਰ ਰਹੇ ਸਨ ਨੂੰ ਰੋਕਿਆ । ਰੋਕਣ ਤੇ ਅਤਿਵਾਦੀਆਂ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਜਿਸ ਦਾ ਸਵਾਬ ਪੈਰਾਮਿਲਟਰੀ ਵਲੋਂ ਦਿੱਤਾ ਗਿਆ । ਨਤੀਜੇ ਵਜੋਂ ਸੱਤ ਵਿਅਕਤੀ ਮਾਰੇ ਗਏ ਅਤੇ ਬਾਰਾਂ ਸਖਤ ਜ਼ਖਮੀ ਹੋਏ । ਮਰਨ ਵਾਲਿਆਂ ਦੀ ਸ਼ਨਾਖਤ ਤੋਂ ਪਤਾ ਲੱਗਿਆ ਹੈ ਕਿ ਉਨ੍ਹਾਂ ਵਿਚ ਪੰਜ ਦਹਿਸ਼ਤਪਸੰਦ ਸਨ ਤੇ ਦੋ ਕੋਲ ਖੜੇ ਵਿਅਕਤੀ । ਪੈਰਾ ਮਿਲਟਰੀ ਦੇ ਕੁਝ ਜਵਾਨ ਵੀ ਨੇਜ਼ਿਆਂ ਦੇ ਨਾਲ ਜ਼ਖਮੀ ਹੋਏ । ਇਹ ਟੱਕਰ ਇਥੋਂ ਦੋ ਸੌ ਕਿਲੋਮੀਟਰ ਦੂਰ ਫੀਰੋਜ਼ਪੁਰ ਲਾਗੇ ਹੋਈ ਜਿਸੇ ਸ਼ਹਿਰ ਵਿਚ ਕਰਫੀਊ ਲਗਾ ਦਿੱਤਾ ਗਿਆ ਸੀ । ਬੱਸ ਵਿਚ ਉਸ ਸਮੇਂ ਵੀਹ ਦੇ ਕਰੀਬ ਹਥਿਆਰਬੰਦ ਸਿੱਖ ਸਫਰ ਕਰ ਰਹੇ ਸਨ ।

## ਧਰਮ ਕੋਟ ਵਿਚ ਕਤਲ

ਧਰਮਕੋਟ — ਇਥੇ ਥਾਣੇ ਦੇ ਲਾਗੇ ਹੀ ਇਕ ਵਿਅਕਤੀ ਰਘਬੀਰ ਸਿੰਘ ਪੱਥੀ ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਗੰਡਾਸਿਆਂ ਨਾਲ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ ਹੈ । ਪੰਜਾਹ ਸਾਲਾ ਰਘਬੀਰ ਸਿੰਘ ਨੂੰ ਲੁਧਿਆਣੇ ਦੇ ਸਿਵਲ ਹਸਪਤਾਲ ਵਿਚ ਪੁਚਾ ਦਿੱਤਾ ਗਿਆ ਹੈ । ਇਕ ਹੋਰ ਖਬਰ ਅਨੁਸਾਰ ਬਟਾਲੇ ਤੋਂ ਅੱਠ ਕਿਲੋਮੀਟਰ ਦੂਰ ਕਿਲਾ ਲਾਲ ਸਿੰਘ ਵਿਚ ਬਾਲ ਮੁਕੰਦ ਨਾਂ ਦੇ ਇਕ ਵਿਅਕਤੀ ਨੂੰ ਜ਼ਖਮੀ ਕਰ ਦੇਣ ਦੀ ਖਬਰ ਮਿਲੀ ਹੈ । ਜਿਸਨੂੰ ਕਿ ਨਾਜ਼ਕ ਹਾਲਤ ਵਿਚ ਗੁਰੂ ਤੇਗ ਬਹਾਦਰ ਹਸਪਤਾਲ ਪਹੁੰਚਾਇਆ ਗਿਆ ਹੈ ।

## ਚੋਰੀ ਦੀ ਕਾਰ ਛੱਡ ਕੇ ਮੁਲਜ਼ਮ ਭੱਜ ਗਏ

ਅੰਮ੍ਰਿਤਸਰ — ਇਥੋਂ 24 ਕਿਲੋਮੀਟਰ ਦੂਰ ਮੋਛਲ ਵਿਖੇ ਮਾਨ ਸਿੰਘ ਨਾਂ ਦੇ ਇਕ ਨਿਰੰਕਾਰੀ ਤੇ ਕਾਤਲਾਨਾ ਹਮਲਾ ਕੀਤਾ ਗਿਆ ਹਮਲਾਆਵਰ ਚਾਰ ਦੱਸੇ ਗਏ ਹਨ ਉਹ ਕਾਰ ਵਿਚ ਨੱਠ ਗਏ ਪਰ ਪੁਲੀਸ ਨੇ ਇਕ ਥਾਂ ਇਸ ਕਾਰ ਨੂੰ ਪਕੜ ਲਿਆ ਹੈ ਕਾਰ ਚੋਰੀ ਦੀ ਦੱਸੀ ਜਾਂਦੀ ਹੈ ਜਿਸਦੇ ਨੰਬਰ ਪਲੇਟ ਬਦਲ ਦਿੱਤੀ ਗਈ ਸੀ ।

## ਮੋਗੇ ਵਿਚ ਫਿਰ ਕਰਫੀਊ

ਮੋਗਾ — ਮੋਗੇ ਵਿਚ ਸਰਕਾਰੀ ਐਡਮਨਿਸਟਰੇਸ਼ਨ ਵਲੋਂ ਹੁਕਮ ਜਾਰੀ ਕਰ ਦਿੱਤਾ ਗਿਆ ਹੈ ਕਿ ਫਸਾਦੀਆਂ ਨੂੰ ਗੋਲੀ ਨੂੰ ਮਾਰ ਦਿੱਤੀ ਜਾਵੇ । ਇਥੇ ਕਰਫੀਊ ਵਿਚ ਵੀ ਵਾਧਾ ਕਰ ਦਿੱਤਾ ਗਿਆ ਹੈ । ਜਿਸਦਾ ਕਾਰਨ ਚਾਰ ਦੁਕਾਨਾਂ ਨੂੰ ਤੇਲ ਪਾ ਕੇ ਸਾੜ ਦੇਣ ਦਾ ਹੈ। ਨੁਕਸਾਨ ਦਾ ਅੰਦਾਜ਼ਾ ਪੰਜ ਲੱਖ ਰੁਪਏ ਦੱਸਿਆ ਜਾਂਦਾ ਹੈ । ਮੌਕੇ ਤੋਂ ਹੀ ਪੈਟਰੋਲ ਦੀਆਂ ਚਾਰ ਖਾਲੀ ਕੈਨੀਆਂ ਪ੍ਰਾਪਤ ਹੋਈਆਂ ਹਨ । ਦੱਸਿਆ ਗਿਆ ਹੈ ਕਿ ਅੱਗ ਲਾਉਣ ਵਾਲੇ ਨਿਹੰਗਾਂ ਦੇ ਭੇਸ ਵਿਚ ਸਨ । ਮੋਗੇ ਦੇ ਕੁਝ ਸ਼ਹਿਰੀਆਂ ਵਲੋਂ ਪੰਜਾਬ ਦੇ ਰਾਜਪਾਲ ਸ੍ਰੀ ਪਾਂਡੇ ਨੂੰ ਟੈਲੀਫੋਨ ਤੇ ਬੇਨਤੀ ਕੀਤੀ ਗਈ ਹੈ ਕਿ ਸਾਡੇ ਜਾਨੋਂ ਮਾਲ ਦੀ ਰੱਖਿਆ ਕੀਤੀ ਜਾਵੇ ।

## ਚੰਡੀਗੜ੍ਹ ਵਿਚ ਸਿਖਾਂ ਦਾ ਭਾਰੀ ਜਲੂਸ

ਚੰਡੀਗੜ੍ਹ — ਇਥੇ ਅਮਰ ਸਿੰਘ ਚਾਹਲ ਦੀ ਅਗਵਾਈ ਹੇਠ ਇਕ ਭਾਰਾ ਜਲੂਸ ਕੱਢਿਆ ਗਿਆ । ਜਲੂਸ ਵਿਚ ਸਾਈਕਲ, ਕਾਰਾਂ, ਅਤੇ ਹੋਰ ਗੱਡੀਆਂ ਆਦਿ ਵਰਤੀਆਂ ਗਈਆਂ । ਸੈਕਟਰ 9 ਵਿਚ ਇਕ ਫਿਰਕੇ ਦੇ ਵਿਅਕਤੀ ਨੂੰ ਇਕ ਕਾਰ ਵਿਚੋਂ ਗੋਲੀ ਮਾਰ ਦਿੱਤੀ ਗਈ । ਪੁਲੀਸ ਨੇ ਸਤਾਰਾਂ ਬੰਦੇ ਗ੍ਰਿਫਤਾਰ ਕਰ ਲਏ ਹਨ ਜਿੰਨ੍ਹਾਂ ਉਤੇ ਕਤਲ ਦਾ ਯਤਨ ਅਤੇ ਲੁੱਟ ਮਾਰ ਦਾ ਦੋਸ਼ ਹੈ ।

## ਪੁਲੀਸ ਕਰਮਚਾਰੀ ਜਾਂ ਅਤਿਵਾਦੀ

ਹਰਿਆਣੇ ਵਿਚ ਪਿਆਰੇ ਲਾਲ ਨਾਂ ਦੇ ਇਕ ਵਿਅਕਤੀ ਦੇ ਨਾਲ ਚਾਰ ਸਾਥੀ ਇਕ ਟੈਕਸੀ ਵਿਚ ਸਨ ਜਦ ਉਹ ਟਾਂਗਰੀ ਪੁਲ ਦੇ ਨਜ਼ਦੀਕ ਗਏ ਤਾਂ ਸਬ ਇਨਸਪੈਕਟਰ ਸ਼ਿਵ ਸਿੰਘ ਨੇ ਕਾਰ ਰੋਕ ਕੇ ਕਾਗਜ਼ਾਂ ਦੀ ਦੇਖ ਭਾਲ ਕਰਨੀ ਸ਼ੁਰੂ ਕੀਤੀ । ਜਦ ਉਸਨੂੰ ਪਤਾ ਲੱਗਿਆ ਕਿ ਕਾਗਜ਼ ਸਭ ਜਾਹਲੀ ਹਨ ਤਾਂ ਉਸਨੇ ਸਾਰਿਆਂ ਨੂੰ ਥਾਣੇ ਚੱਲਣ ਲਈ ਕਿਹਾ। ਉਹਨਾਂ ਨੇ ਸਬ ਇਨਸਪੈਕਟਰ ਨੂੰ ਕਿਹਾ ਕਿ ਤੁਸੀਂ ਵੀ ਕਾਰ ਵਿਚ ਹੀ ਬੈਠ ਜਾਉ । ਉਹ ਖੁਦ ਅਤੇ ਇਕ ਸਿਪਾਹੀ ਉਹਨਾਂ ਦੇ ਨਾਲ ਕਾਰ ਵਿਚ ਬੈਠ ਗਏ । ਕਾਰ ਚੱਲਣ ਤੇ ਉਹਨਾਂ ਨੇ ਸਿਪਾਹੀ ਨੂੰ ਗੋਲੀ ਮਾਰ ਦਿੱਤੀ ਅਤੇ ਸ਼ਿਵ ਸਿੰਘ ਨੂੰ ਵੀ ਜ਼ਖਮੀ ਕਰ ਦਿੱਤਾ। ਸ਼ਿਵ ਸਿੰਘ ਨੇ ਡਰਾਈਵਰ ਨੂੰ ਮਾਰ ਦਿੱਤਾ। ਕਾਰ ਵਿਚ ਸਵਾਰ ਬਾਕੀ ਦਹਿਸ਼ਤਪਸੰਦ ਜਿਨ੍ਹਾਂ ਦੇ ਨਾਉਂ — ਰਾਜਵੀਰ, ਮੇਜਰ, ਅਤੇ ਕੁਲਦੀਪ ਸਨ ਕਾਰ ਵਿਚੋਂ ਨਿਕਲ ਕੇ ਦੌੜ ਗਏ । ਕੁਲਦੀਪ ਸਿੰਘ ਜਦੋਂ ਹਰਿਆਣੇ ਦਾ ਬਾਰਡਰ ਕਰਾਸ ਕਰਨ ਵਾਲਾ ਹੀ ਸੀ ਪੁਲੀਸ ਦੇ ਹੱਥ ਆ ਗਿਆ ਪਤਾ ਲੱਗਾ ਹੈ ਕਿ ਉਹ ਖੁਦ ਵੀ ਇਕ ਪੁਲੀਸ ਕਰਮਚਾਰੀ ਸੀ ਜੋ ਕਿ ਭੀਖੀ ਦੇ ਥਾਣੇ ਵਿਚ ਕੰਮ ਕਰ ਰਿਹਾ ਸੀ । ਰਾਜਵੀਰ ਸਿੰਘ ਦੇ ਪਿਤਾ ਵਚਿੱਤਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਉਸਨੇ ਇਹ ਕਿਹਾ ਹੈ ਕਿ ਮੇਰੇ ਤਾਂ ਰਾਜਵੀਰ ਨਾਲ ਕੋਈ ਤੁਅੱਲਕਾਤ ਨਹੀਂ ਹਨ ।

## ਡਾਕਖਾਨਾ ਸਾੜ ਦਿੱਤਾ ਗਿਆ

ਮੋਗਾ — ਇਥੋਂ ਨਜ਼ਦੀਕ ਹੀ ਪਿੰਡ ਰੋਡੇ ਵਿਖੇ ਡਾਕਖਾਨੇ ਨੂੰ ਦਹਿਸ਼ਤਪਸੰਦਾਂ ਨੇ ਸਾੜ ਕੇ ਸੁਆਹ ਕਰ ਦਿੱਤਾ ਹੈ। ਪਿੰਡ ਰੋਡੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜੱਦੀ ਪਿੰਡ ਹੈ

VIDEO MART

3369 ‘A’ KINGSWAY (near Joyce) VANCOUVER, 438-3355

GUARANTEED CLEAR PRINTS

GUARANTEED PRINTS

ਸਾਡੇ ਕੋਲੋਂ ਤੁਹਾਨੂੰ ਹਰ ਤਰ੍ਹਾਂ ਦੀਆਂ ਪੰਜਾਬੀ, ਹਿੰਦੀ, ਗੁਜਰਾਤੀ ਮੂਵੀਆਂ ਮਿਲ ਸਕਦੀਆਂ ਹਨ । ਵੀਡੀਓ ਮਸ਼ੀਨਾਂ ਤੇ ਟੀ. ਵੀ. ਵੀ ਮਿਲਦੇ ਹਨ ।

FAST SERVICE GUARANTEED MAIL ORDERS ACCEPTED

ਵਧੀਆ ਪ੍ਰਿੰਟਾਂ ਲਈ ਹਮੇਸ਼ਾ ਕਿੰਗਜ਼ਵੇ ਤੇ ਵੀਡੀਓ ਮਾਰਟ ਨੂੰ ਯਾਦ ਰੱਖੋ

NARINDER JASWAL

JOGA S. MANN

# THE CANADA DARPAN

**P.O.BOX 67344 STN. 'O'**
**Vancouver, B.C. V5W 3T1**

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

All Officeholders of CANADA DARPAN are honorary associates

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ




## ਪੰਜਾਬੀਅਤ ਕੀ ਹੈ ?

ਪੰਜਾਬੀਅਤ ਕੀ ਹੈ ? ਬੜਾ ਟੇਢਾ ਸੁਆਲ ਹੈ। ਜੇ ਸ਼ਖਸੀਅਤ ਦੀ ਗੱਲ ਹੋਵੇ, ਕਿਸੇ ਉਜਾੜ, ਪਹਾੜ, ਦ੍ਰਿਸ਼ ਜਾਂ ਜੰਗਲ ਦੀ ਗੱਲ ਹੋਵੇ, ਸ਼ਹਿਰ ਮਕਾਨ ਦੀ ਵੀ ਹੋਵੇ ਤਾਂ ਬੰਦਾ ਝੱਟ ਨਕਸ਼ਾ ਖਿਚ ਦਏ। ਪਰ ਜਦ ਪੰਜਾਬੀਅਤ ਦੀ ਗੱਲ ਆਉਂਦੀ ਹੈ ਤੇ ਬੰਦਾ ਸੋਚੀਂ ਪੈ ਜਾਂਦਾ ਹੈ। ਕਿਥੋਂ ਸ਼ੁਰੂ ਕਰੇ ਤੇ ਕਿਥੇ ਮੁਕਾਏ।

ਪੰਜਾਬੀਅਤ ਕੋਈ ਇਕ ਗੁਣ ਜਾਂ ਇਕ ਭਾਵ ਤੇ ਨਹੀਂ। ਇਹ ਤੇ ਕਈ ਗੁਣਾਂ, ਭਾਵਾਂ, ਵਿੰਗਾਂ, ਵਿਚਾਰਾਂ ਦਾ ਜੋੜ ਹੈ। ਫੇਰ ਇਹਦੇ ਇਕ, ਦੋ, ਤਿੰਨ ਜ਼ਾਵੀਏ, ਅਕਾਰ ਤੇ ਮਾਤਰਾਂ ਨਹੀਂ। ਅਨੇਕ ਨੇ। ਏਨ੍ਹਾਂ ਸਾਰਿਆਂ ਨੂੰ ਇਕ ਨੁਕਤੇ ਵਿਚ ਸੀਮਤ ਕਰਨਾ, ਇਕ ਨੁਸਖੇ ਵਿਚ ਬੰਨ੍ਹਣਾ ਅਸੰਭਵ ਤੇ ਭਾਵੇਂ ਨਾ ਹੋਵੇ, ਅਤੀ ਔਖਾ ਹੈ।

ਆਪਣੇ ਆਪ ਨੂੰ ਪੰਜਾਬੀ ਦੱਸ ਕੇ ਮੇਰੇ ਅੰਦਰੋਂ ਮਾਣ ਦੀ ਇਕ ਇਹੋ ਜਿਹੀ ਸਾਗਰਮਈ ਭਾਵਨਾ ਉਠਦੀ ਹੈ ਕਿ ਉਹਦੇ ਉਛਾਲ ਵਿਚ ਮੈਂ ਆਪਣਾ ਸਿਖ ਹੋਣਾ ਤੇ ਜੱਟ ਹੋਣ ਸਭ ਭੁੱਲ ਜਾਂਦਾ ਹਾਂ। ਉਸ ਵੇਲੇ ਮੈਨੂੰ ਪੋਠੋਹਾਰੀ ਤੇ ਮਲਵਈ ਦਾ, ਮਝੈਲ ਤੇ ਦੁਆਬੀਏ ਦਾ, ਜੱਟ ਜਾਂ ਭਾਪੇ ਦਾ, ਹਿੰਦੂ, ਸਿੱਖ ਤੇ ਮੁਸਲਮਾਨ ਦਾ ਭੇਦ ਉੱਕਾ ਹੀ ਭੁੱਲ ਜਾਂਦਾ ਹੈ। ਕਿਉਂ ? ਬੱਸ ਇਹ ਹੀ ਪੰਜਾਬੀਅਤ ਹੈ ਜਿਹਨੂੰ ਮੇਰੇ ਕੋਲੋਂ ਸ਼ਬਦਾਂ ਦੀ ਜਕੜ ਵਿਚ ਲਿਆਂਦਾ ਨਹੀਂ ਜਾ ਰਿਹਾ।

ਪੰਜਾਬੀਅਤ ਯਾਰੀ ਹੈ, ਵੰਗਾਰ ਹੈ, ਹਿੰਮਤ ਹੈ, ਨਿੱਡਰਤਾ ਹੈ ਤੇ ਉਹਦੇ ਤੋਂ ਵੀ ਵੱਧ ਹੁਲਾਸ ਤੇ ਹਲੀਮੀ ਹੈ। ਪੰਜਾਬੀਅਤ ਜਿਊਣ ਲਈ ਕੰਮ ਕਰਨ ਲਈ ਨਹੀਂ ਕਹਿੰਦੀ, ਸਗੋਂ ਕੰਮ ਕਰਕੇ ਜਿਊਣ ਲਈ ਕਹਿੰਦੀ ਹੈ।

ਇਹ ਇਕ ਪੰਜਾਬੀਅਤ ਦਾ ਅੰਸ਼ ਹੀ ਹੈ ਜੋ ਮੈਨੂੰ ਹਲੂਣਦਾ ਹੈ ਵੇਲੇ ਕੁਵੇਲੇ ਘਰ ਆਏ ਬੰਦੇ ਨੂੰ ਚਾਹ ਪਾਣੀ, ਰੋਟੀ ਪੁੱਛਣ ਲਈ। ਇਹੋ ਜਿਹਾ ਹੀ ਕੋਈ ਅੰਸ਼ ਹੈ ਜੋ ਮੈਨੂੰ ਤਰਕਾਲਾਂ ਵੇਲੇ ਆਪਣੇ ਪਿੰਡੋਂ ਲੰਘਦੇ ਬੰਦੇ ਨੂੰ ਰੋਟੀ ਤੇ ਬਿਸਤਰਾ ਦੇਣ ਲਈ ਕਹਿੰਦਾ ਹੈ। ਇਸ ਵਿਚ ਮੇਰਾ ਕੋਈ ਵੱਡਾਪਣ ਨਹੀਂ। ਕਿਉਂਕਿ ਇਹੋ ਗੱਲ ਮੇਰੇ ਪਿੰਡ ਦਾ ਮਾੜੇ ਤੋਂ ਮਾੜਾ ਘਰ ਵੀ ਕਰਦਾ ਹੈ। ਇਹ ਵੀ ਪੰਜਾਬੀਅਤ ਹੈ ਜਦ ਲੰਡਨ ਵਿਚ ਪੰਜਾਬੀ ਦੁਕਾਨਦਾਰ ਨਾ ਜਾਣਦਿਆਂ ਹੋਇਆਂ ਵੀ ਮੈਥੋਂ ਸੌਦੇ ਦੇ ਪੈਸੇ ਨਹੀਂ ਲੈਂਦਾ ਕਿਉਂਕਿ ਉਹਨੂੰ ਪਤਾ ਲੱਗ ਗਿਆ ਹੈ ਕਿ ਮੈਂ ਉਹਦੇ ਲਾਗਦੇ ਪਿੰਡ ਵਿਆਹਿਆਂ ਹਾਂ ਤੇ ਇਸ ਕਰਕੇ ਉਹਨਾਂ ਦਾ ਵੀ ਪਰਾਹੁਣਾ ਹਾਂ।

ਪੰਜਾਬੀਅਤ ਇਕ ਯਾਰੀ ਹੈ ਜਿਹਦੇ ਪਿੱਛੇ ਸਿਰ ਵੀ ਤੇ ਜਾਇਦਾਦ ਵੀ ਜਾ ਸਕਦੀ ਹੈ। ਇਹ ਇਕ ਲਹਿਰ ਹੈ ਜਿਹਦੇ ਵਿਚ ਭੁੱਖ, ਤੇਹ, ਘਾਟ ਵਾਧ, ਗ਼ਰੀਬੀ ਅਮੀਰੀ ਦਾ ਕੋਈ ਇਹਸਾਸ ਨਹੀਂ ਰਹਿੰਦਾ। ਇਹ ਇਕ ਦਾਵਾ ਹੈ ਕਿ ਜੋ ਵੀ ਕੁਝ ਕੋਈ ਹੋਰ ਕਰ ਸਕਦਾ ਹੈ ਉਹ ਮੈਂ ਵੀ ਕਰ ਸਕਦਾ ਹਾਂ। ਇਹ ਇਕ ਅਮੀਰੀ ਹੈ ਜਿਹਦਾ ਪੈਸੇ, ਲੀੜੇ ਲੱਤੇ, ਮਹਿਲ ਮਾੜੀਆਂ ਨਾਲ ਕੋਈ ਸਬੰਧ ਨਹੀਂ, ਅਮੀਰੀ ਜਿਹੜੀ ਇਕ ਫਕੀਰ ਕੋਲ ਤੇ ਹੁੰਦੀ ਹੈ ਪਰ ਇਕ ਸਕੰਦਰ ਕੋਲ ਨਹੀਂ। ਪੰਜਾਬੀਅਤ ਜਿਊਣ ਦਾ ਇਕ ਢੰਗ ਹੈ ਜਿਹੜਾ ਰੱਜ ਕੇ ਜਿਊਣਾ ਸਿਖਾਉਂਦਾ ਹੈ, ਲਿਲਕੜੀਆਂ ਤਰਲੇ ਕੱਢ ਕੇ ਨਹੀਂ। ਪੰਜਾਬੀਅਤ ਇਕ ਉਤੇਜਨਾ ਹੈ ਜੋ ਪਹਾੜਾਂ ਨੂੰ ਉਲੰਘਣ ਲਈ, ਸਾਗਰਾਂ ਨੂੰ ਪਾਰ ਕਰਨ ਲਈ ਪਰੇਰਦੀ ਹੈ। ਇਹ ਇਕ ਧਾਰਨਾ ਹੈ ਜੋ ਮੌਤ ਨੂੰ ਰੱਖੜੀ ਬੰਨ੍ਹਦੀ ਹੈ, ਸੂਲੀ ਦੇ ਗੱਲ ਬਾਹਾਂ ਦਾ ਹਾਰ ਪਾਉਂਦੀ ਹੈ। ਮਾੜੇ ਲਈ ਤਗੜੇ ਦੀ ਲੱਤ ਤੋੜਦੀ ਹੈ, ਇਕ ਖ਼ੁਸ਼ੀ ਹੈ ਜੋ ਬੁੱਕਲ ਵਿਚ ਲੁਕਾ ਕੇ ਨਹੀਂ ਰਖੀ ਜਾ ਸਕਦੀ, ਜੋ ਰਾਤ ਦੀ ਰਾਣੀ ਦੀ ਸੁਗੰਧ ਵਾਂਗ ਆਪਣਾ ਹਾਤਾ, ਬਗੀਚਾ ਲੰਘ ਕੇ ਸਾਰੇ ਆਲੇ ਦੁਆਲੇ ਵਿਚ ਫੈਲ ਜਾਂਦੀ ਹੈ। ਇਕ ਕਹਿਰ ਹੈ ਜੋ ਦੁਸ਼ਮਣ ਦੀਆਂ ਸੱਤ ਪੀੜ੍ਹੀਆਂ ਲੂਸ ਸਕਦਾ ਹੈ। ਇਕ ਠੱਠਾ ਹੈ ਜੋ ਗੱਲ ਵਿਚ ਡੁੱਬਿਆ ਹਾਸਿਆਂ ਨੂੰ ਤਾਰ ਦਿੰਦਾ ਹੈ।

ਇਸ ਸਭ ਨੂੰ ਇਕ ਵਾਕ ਵਿਚ, ਇਕ ਸ਼ਬਦ ਵਿਚ ਬਿਆਨ ਕਰਾਂ ਤੇ ਕਿੱਦਾਂ ਕਰਾਂ। ਆ ਜਾ ਕੇ ਸਿਰਫ ਇਹ ਕਹਿ ਸਕਦਾ ਹਾਂ ਕਿ ਪੰਜਾਬੀਅਤ ਇਕ ਅਟੁੱਟ ਸਵੈ-ਭਰੋਸਾ ਹੈ, ਅਥਾਹ ਮਾਣ ਹੈ, ਪਰਬਤੀ ਜਿਗਰਾ ਹੈ, ਅਤੇ ਪਰਮੇਸ਼ਵਰੀ ਦਿਆਲਤਾ ਹੈ ਜਿਹੜੀ ਪੰਜਾਬੀ ਨੂੰ ਦੁਨੀਆਂ ਦੇ ਹਰ ਦੂਜੇ ਬੰਦੇ ਨਾਲੋਂ ਉਚਾ ਚੁਕਦੀ ਹੈ ਤੇ ਗਰੀਬੀ ਤੇ ਔਕੜ ਵਿਚ ਵੀ ਉਹਦਾ ਹੌਂਸਲਾ ਪਸਤ ਨਹੀਂ ਹੋਣ ਦਿੰਦੀ। ਪੰਜਾਬੀਅਤ ਇਕ ਅਮੀਰੀ ਹੈ ਜੋ ਹਾੜ-ਸਿਆਲ, ਬਰਸਾਤ-ਪੱਤਝੜ, ਹਰ ਮੌਸਮ ਵਿਚ, ਹਰ ਮਾਨਸਿਕ, ਆਰਥਕ ਤੇ ਸਮਾਜਕ ਹਾਲਤ ਵਿਚ ਮਾਣੀ ਜਾ ਸਕਦੀ ਹੈ।

**ਰਾਜ ਗਿੱਲ**

## ਮੇਡਿਨ ਓਵਰ ○ ਯੂਸਫ਼ ਕਾਮਰਾਨ

ਮੈਂ ਨੇ ਹਮੇਸ਼ਾ ਐਸੇ ਘੋੜੋਂ ਪਰ ਸ਼ਰਤ ਲਗਾਈ
ਜਿਨਹੋਂ ਨੇ ਕਭੀ ਰੇਸ ਨਾ ਜੀਤੀ
ਔਰ ਐਸੀ ਕੰਵਾਰੀਓਂ ਸੇ ਮਿਲਾ
ਜਿਨਹੋਂ ਮਿਲਾਪ ਕੀ ਖ਼ਾਹਿਸ਼ ਕੇ ਆਗੇ ਕਾ ਇਲਮ ਨਾ ਥਾ
Maiden over ਕਰਾਤੇ ਕਰਾਤੇ
ਮੇਰੇ ਬਾਜ਼ੂ ਸ਼ਲ ਹੋ ਚੁਕੇ ਹੈਂ

ਜੀ ਚਾਹਤਾ ਹੈ ਕਿਹ ਮੈਂ
ਐਸੇ ਪਹਾੜੋਂ ਪਰ ਚਲਾ ਜਾਊਂ
ਜਹਾਂ ਬਰਫ਼ ਪਿਘਲਤੀ ਹੋ।

---

### ਕਮਿਊਨਿਸਟ ਪਾਰਟੀ(ਮਾਰਕਸਵਾਦੀ) ਦੇ ਉਘੇ ਆਗੂ

# ਸਾਥੀ ਹਰਕਿਸ਼ਨ ਸਿੰਘ ਸੁਰਜੀਤ ਨਾਲ ਇਕ ਮੁਲਾਕਾਤ



ਦਰਸ਼ਣ ਗਿੱਲ — ਮੈਂ ਖਾਸ ਕਰਕੇ ਤਾਂ ਪੰਜਾਬ ਦੀ ਹਾਲਤ ਬਾਰੇ ਪੁਛਣਾ ਹੈ, ਕੁਝ ਇੰਡੀਆ ਦੇ ਲੈਬਲ ਤੇ ਅਤੇ ਕੁਝ ਅੰਤਰ ਰਾਸ਼ਟਰੀ ਲੈਬਲ ਤੇ। ਤਿੰਨ ਹਿੱਸੇ ਮੈਂ ਕਰਨਾ ਚਾਹੁੰਦਾ ਹਾਂ — ਸਭ ਤੋਂ ਪਹਿਲਾਂ ਤਾਂ ਇਹ ਹੈ ਕਿ ਪੰਜਾਬ ਤੋਂ ਆਇਆਂ ਤੁਹਾਨੂੰ ਕਿਤਨਾ ਕੁ ਚਿਰ ਹੋਇਆ ਹੈ।

ਸੁਰਜੀਤ — ਪਹਿਲੀ ਤਾਰੀਖ ਨੂੰ ਆਇਆ ਹਾਂ।

ਦ.ਗਿਲ — ਅੱਛਾ ਪਹਿਲੀ ਅਪ੍ਰੈਲ ਨੂੰ ਭਾਵ ਹੈ 18, 19 ਦਿਨ ਹੋਏ ਹਨ। ਗੱਲ ਇਹ ਹੈ ਕਿ ਜਹਿੜੀ ਇਸ ਵੇਲੇ ਪੰਜਾਬ ਦੀ ਹਾਲਤ ਹੈ ਉਸ ਬਾਰੇ ਅਸੀਂ ਬਾਹਰ ਬੈਠੇ ਬੰਦੇ ਬਹੁਤ ਚਿੰਤਤ ਹਾਂ — ਮੈਂ ਜਦੋਂ ਦਸੰਬਰ ਵਿਚ ਗਿਆ ਸਾਂ ਮੈਂ ਸੰਤ ਲੌਂਗੋਵਾਲ ਨੂੰ ਮਿਲ ਕੇ ਆਇਆ ਸਾਂ। ਉਦੋਂ ਅਜੇ ਹਾਲਾਤ ਦਰਬਾਰ ਸਾਹਿਬ ਦੇ ਅੰਦਰ ਵੀ ਏਨੀ ਮਾੜੀ ਨਹੀਂ ਸੀ ਜਿੰਨੀ ਹਾਲਤ ਹੁਣ ਮਾੜੀ ਹੈ। ਮੈਂ ਤੁਹਾਤੋਂ ਸਿਰਫ ਪੁਲੀਟੀਕਲ ਐਂਗਲ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਿਸ ਪਾਸੇ ਨੂੰ ਇਹ ਗੱਲ ਤੁਰੀ, ਕਿਉਂ ਤੁਰੀ ਤੇ ਕੀ ਇਹਦਾ ਹੱਲ ਹੈ, ਸੰਭਾਵਨਾ ਹੈ?

ਸੁਰਜੀਤ — ਪੰਜਾਬ ਦੀ ਹਾਲਤ ਜਿਹੜੀ ਇਸ ਵੇਲੇ ਹੈ, ਬਹੁਤ ਬੁਰੀ ਹੈਅਤੇ ਇਹ ਪੰਜਾਬ ਦੇ ਲੋਕਾਂ ਲਈ ਚਿੰਤਾ ਜਨਕ ਨਹੀਂ ਸਗੋਂ ਮੁਲਕ ਲਈ ਬੜੀ ਚਿੰਤਾ ਪੈਦਾ ਕਰਦੀ ਹੈ — ਇਕ ਤਾਂ ਸਾਡਾ ਸੂਬਾ ਸਰਹੱਦੀ ਸੂਬਾ ਹੈ ਇਕ ਹਾਲਾਤ ਨੇ ਬੜੀ **communal turn** ਲੈ ਲਈ ਹੈ। ਬਹੁਤ ਜ਼ਿਆਦਾ ਫਿਰਕਾ ਪ੍ਰਸਤੀ ਦੀ ਸ਼ਕਲ ਇਖਤਿਆਰ ਕਰ ਲਈ ਹੈ — ਜਿਹੜੀ **movement** ਹੁਣ ਤਕ ਗੌਰਮਿੰਟ ਵਿਰੋਧੀ ਬਣੀ ਰਹੀ ਭਾਵੇਂ ਉਸ ਵਿਚ ਸਿੱਖਾਂ ਦੀਆਂ ਆਪਣੀਆਂ ਮੰਗਾਂ ਵੀ ਸਨ ਪਰ ਪੰਜਾਬੀਆਂ ਦੀਆਂ ਸਾਂਝੀਆਂ ਮੰਗਾਂ **dominate** ਕਰਦੀਆਂ ਸਨ — ਉਹ ਹੁਣ ਚਾਹੇ ਕੁਝ ਕਹੋ ਇਹਦੀ ਜ਼ਿਮੇਂਵਾਰੀ ਦਾ ਸਵਾਲ ਤਾਂ ਮਗਰੋਂ ਆਉਂਦਾ ਹੈ ਪਰ ਐਸ ਵੇਲੇ ਉਹ **movement** ਜਹਿੜੀ ਹੈ ਹਿੰਦੂ ਸਿੱਖ **movement** ਬਣ ਗਈ ਹੈ — ਉਹਦੇ ਵਿਚ ਜਿਥੇ ਸਿੱਖ ਅਤਿਵਾਦੀਆਂ ਦੀ ਬੜੀ ਭਾਰੀ ਜ਼ਿਮੇਵਾਰੀ ਹੈ ਅਤੇ ਅਕਾਲੀ ਲੀਡਰਸ਼ਿਪ ਵੀ ਜ਼ਿਮੇਂਵਾਰੀ ਤੋਂ ਬਰੀ ਨਹੀਂ ਉਥੇ ਹਿੰਦੂ ਫਿਰਕਾ ਪ੍ਰਸਤ ਵੀ ਹੁਣ ਨਾਲ ਨਾਲ ਬਾਜ਼ੀ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਹਾਲਾਤ ਨਾ ਬਣਦੇ ਜੇ ਸਰਕਾਰ ਸਿਆਨਪ ਤੋਂ ਕੰਮ ਲੈਂਦੀ। ਪਿਛਲੇ ਦੋ ਵਰ੍ਹਿਆਂ ਵਿਚ ਕਈ ਐਸੇ ਮੌਕੇ ਆਏ ਜਿਥੇ ਅਕਾਲੀ ਲੀਡਰਸ਼ਿਪ ਬੜੀ **reasonable** ਸੀ ਅਤੇ ਉਹ ਜਾਇਜ਼ ਸਵਾਲਾਂ ਉਤੇ ਵਿਰੋਧੀ ਦਲਾਂ ਦੀ ਮੁਦਾਖਲਤ ਨਾਲ ਸਮਝੌਤਾ ਕਰਨ ਨੂੰ ਤਿਆਰ ਸੀ।

ਦ.ਗਿੱਲ — ਜਦ ਤੁਸੀਂ ਪਿਛਲੇ ਸਾਲ ਇਥੇ ਆਏ ਸੀ ਤੁਸੀਂ ਇਹ ਗਲ ਉਸ ਵੇਲੇ ਇਸੇ ਤਰਾਂ ਕਹੀ ਸੀ।

ਸੁਰਜੀਤ — ਹੁਣ ਮਗਰੋਂ ਜਿਹੜੀ ਗਲ ਹੋਈ ਹੈ ਉਹ ਇਹ ਹੈ ਕਿ ਮੇਰੇ ਪਿਛਉਂ ਤੋਂ ਬਾਅਦ ਚਾਰ ਮੌਕੇ ਅਜੇਹੇ ਆਏ ਜਦੋਂ ਵਿਰੋਧੀ ਦਲਾਂ ਦੀ ਮੁਦਾਖਲਤ ਦੇ ਨਾਲ ਅਕਾਲੀ ਦਲ ਦੀ ਲੀਡਰਸ਼ਿਪ ਸਮਝੌਤੇ ਤੇ ਰਾਜ਼ੀ ਹੋ ਗਈ ਪਰ ਸਰਕਾਰ ਦੇ ਪ੍ਰਤੀਨਿਧ ਰਾਜ਼ੀ ਹੋਕੇ ਮਗਰੋਂ ਬਿਟਰਦੇ ਰਹੇ — ਇਹ ਜਿਹੜਾ ਲੰਮਾਂ ਸਮਾਂ ਮਿਲਿਆ ਹੈ ਇਸ ਸਮੇਂ ਵਿਚ ਅਤਿਵਾਦੀਆਂ ਨੂੰ ਮੌਕਾ ਮਿਲ ਗਿਆ, ਸਿੱਖ ਅਤਿਵਾਦੀਆਂ ਦੀ ਮੈਂ ਗਲ ਕਰਦਾ ਹਾਂ ਇਹਨੂੰ ਮੈਂ ਦੂਜਿਆਂ ਨਾਲ ਨਹੀਂ ਕਰਦਾ ਜਹਿੜੇ ਭਿੰਡਰਾਂਵਾਲੇ ਦੇ ਪੈਰੂ ਕਾਰ ਹਨ ਇਹਨਾ ਲੋਕਾਂ ਨੂੰ ਮੌਕਾ ਮਿਲ ਗਿਆ — ਇਨ੍ਹਾਂ ਲੋਕਾਂ ਨੇ ਵਾਤਾਵਰਨ ਨੂੰ ਬਹੁਤ ਬਿਗਾੜ ਦਿਤਾ — ਇਕੜ ਦੁਕੜ ਹਿੰਦੂਆਂ ਤੇ ਹਮਲੇ — ਦੋ ਬੱਸਾਂ ਨੂੰ **hi-jack** ਕਰਕੇ ਬੇਗੁਨਾਹ ਹਿੰਦੂਆਂ ਨੂੰ ਕਤਲ ਕਰਨਾ — ਇਹ ਮੇਰੀ ਸਮਝ ਦੇ ਮੁਤਾਬਕ ਤਾਂ ਕਿਸੇ ਵੀ ਧਰਮ ਜਾਂ ਕਿਸੇ ਵੀ ਮਰਿਆਦਾ ਦੇ ਅਨੁਸਾਰ ਨਹੀਂ ਹੈ। ਲੇਕਨ ਇਸ ਨੇ ਉਥੇ ਹਿੰਦੂਆਂ 'ਚ ਡਰ ਜਰੂਰ ਪੈਦਾ ਕਰ ਦਿਤਾ — ਇਸ ਤੋਂ ਪਿਛੋਂ ਹੋਰ ਫਰਵਰੀ ਦੇ ਮਹੀਨੇ 'ਚ ਜੋ ਹਰਿਆਣੇ ਵਿਚ ਘਟਨਾਵਾਂ ਹੋਈਆਂ ਉਸਨੇ ਹੋਰ ਬਲਦੀ ਤੇ ਤੇਲ ਦਾ ਕੰਮ ਕੀਤਾ — ਉਹ ਸਮਝੋ ਪਾਰਟਲੀ ਇਹਦਾ ਰੱਦੇ ਅਮਲ ਵੀ ਸੀ — ਪਾਰਟਲੀ ਜਾਣ ਬੁਝ ਕੇ ਹਰਿਆਣਾ ਸਰਕਾਰ ਨੇ ਵੀ ਆਪਣਾ ਰੋਲ ਅਦਾ ਕੀਤਾ ਕਿਉਂਕਿ ਪੁਲੀਸ ਐਡਮਿਨਸਟਰੇਸ਼ਨ ਦੇ ਸ਼ਾਮਲ ਹੋਣ ਤੋਂ ਬਗੈਰ ਉਹ ਗੱਲ ਸੰਭਵ ਨਹੀਂ ਸੀ — ਫਰਕ ਇਹ ਸੀ ਕਿ ਜਿਥੇ ਏਥੇ ਕੇਵਲ ਅਤਿਵਾਦੀ ਹਮਲੇ ਕਰਦੇ ਸੀ ਹਿੰਦੂਆਂ ਤੇ ਉਥੇ ਆਮ ਲੋਕਾਂ ਨੂੰ ਘਸੀਟਿਆ ਗਿਆ ਅਤੇ **mobs** ਨੇ ਹਮਲੇ ਕੀਤੇ।

ਦ.ਗਿੱਲ — ਹਾਂ ਪਿੰਡਾਂ ਤੋਂ ਲੋਕ ਲਿਆਂਦੇ ਗਏ।

ਸੁਰਜੀਤ — **Mobs** ਨੇ ਅਟੈਕ ਕੀਤੇ ਇਹ ਬੜੀ ਭਾਰੀ ਤਬਦੀਲੀ ਸੀ ਉਹਦੇ ਨਾਲ ਅਵੱਸ਼ ਤੌਰ ਤੇ ਸਿੱਖਾਂ ਵਿਚ ਵੀ ਘਬਰਾਹਟ ਪੈਦਾ ਹੋਈ ਹੈ — ਜਿਹੜੇ ਬਾਹਰ ਵਸਦੇ ਸਿੱਖ ਨੇ ਹਿੰਦੋਸਤਾਨ 'ਚ ਹੋਰਨਾਂ ਸੂਬਿਆਂ 'ਚ ਜਿਨ੍ਹਾਂ ਦੀ ਗਿਣਤੀ ਮੇਰੇ ਅੰਦਾਜ਼ੇ 'ਚ 30 ਫੀ ਸਦੀ ਤੋਂ ਘਟ ਨਹੀਂ ਹੋਣ ਲੱਗੀ ਸਿੱਖਾਂ ਵਿਚੋਂ — ਉਹਨਾਂ ਵਿਚ ਵੀ ਡਰ ਭੈ ਪੈਦਾ ਹੋਣ ਲਗ ਪਿਆ — ਪਿਛੋਂ ਜਦੋਂ ਇਹ ਗਲ ਵਿਰੋਧੀ ਦਲ ਨਿਬੇੜਣ ਤੇ ਆਏ ਸੀ ਬੜੀ ਕੋਸ਼ਿਸ਼ ਕਰ ਰਹੇ ਸੀ ਬਈ ਸਮਝੌਤਾ ਕਰਾ ਦਿਤਾ ਜਾਵੇ ਐਨ ਉਸ ਵੇਲੇ ਅਕਾਲੀ ਦਲ ਨੇ ਨਵਾਂ ਸਵਾਲ ਛੇੜ ਲਿਆ ਧਾਰਾ 25 ਦਾ — ਉਂਝ ਧਾਰਾ 25 ਤੇ ਉਨ੍ਹਾਂ ਨੂੰ ਕੁਝ ਇਤਰਾਜ਼ ਹੈ ਉਹ ਤਬਦੀਲੀ ਲਈ ਵਿਰੋਧੀ ਦਲਾਂ ਨੂੰ ਕਹਿ ਸਕਦੇ ਸੀ, ਸਰਕਾਰ ਨੂੰ ਕਹਿ ਸਕਦੇ ਸੀ — ਲੇਕਨ ਇਹ ਰਾਹ ਨਹੀਂ ਅਪਣਾਇਆ — ਯਕਦਮ ਮੋਰਚਾ ਲਾ ਦਿਤਾ — ਸੰਵਿਧਾਨ ਨੂੰ ਪਾੜਨ ਦਾ ਅਤੇ ਇਹ ਕਿ ਸਾਡਾ ਨਾਉਂ ਹਿੰਦੂਆਂ ਨਾਲੋਂ ਕੱਢ ਦਿਓ — ਇਨ੍ਹੰ ਲੋਕਾਂ ਨੇ ਸਮਝਿਆ ਬਈ ਉਹ ਜੇਹੜੀ ਐਜੀਟੇਸ਼ਨ **anti Govt** ਸੀ ਉਹ ਲਗਭਗ **anti Hindu** ਦਾ ਰੂਪ ਇਖਤਿਆਰ ਕਰ ਗਈ — ਇਹਦੇ ਨਾਲ ਅਕਾਲੀ ਪਾਰਟੀ ਵਿਰੋਧੀ ਦਲਾਂ ਦੀ ਹਮਦਰਦੀ ਵੀ ਖੋ ਬੈਠੀ ਅਤੇ ਤਲਖੀ ਵੀ ਬੜੀ ਵਧ ਗਈ — ਉਸ ਤਲਖੀ ਦਾ ਹੀ ਸਿੱਟਾ ਹੈ ਜੋ ਪਿਛੇ ਘਟਨਾਵਾਂ ਹੋਈਆਂ ਇਹ ਮੇਰੇ ਲਈ ਕੋਈ ਅਚੰਭੇ ਦੀ ਗਲ ਨਹੀਂ — ਅਜ ਤੋਂ ਸਾਲ ਦੋ ਸਾਲ ਪਹਿਲਾਂ ਲਿਖਤੀ ਰੂਪ ਵਿਚ ਪ੍ਰਧਾਨ ਮੰਤਰੀ ਨੂੰ ਦਸ ਚੁੱਕਾ ਹਾਂ ਕਿ ਪੰਜਾਬ ਦਾ ਵਾਤਾਵਰਨ ਉਹ ਬਣ ਜਾਣੇ ਜੇ ਸਮੇਂ ਸਿਰ ਹਾਲਾਤ ਨਾ ਨਿਜਠੇ ਗਏ ਜਿਹੜੇ 1947 ਵਿਚ ਸੀ — ਇਹਦਾ ਇਕ ਪਾਸਾ ਤਾਂ ਹੁਣ ਇਹ ਹੋ ਗਿਆ ਕਿ ਜੋ ਚੰਡੀਗੜ੍ਹ ਵਿਚ ਘਟਨਾਵਾਂ ਹੋਈਆਂ ਇਹ ਰੂਪ ਧਾਰਨ ਕਰ ਗਈ ਹੈ ਹਿੰਦੂ ਸਿੱਖ ਨਫਰਤ ਦਾ — ਜਹਿੜੀ ਕਿ ਪੰਜਾਬ ਲਈ ਨਹੀਂ ਬਲਕਿ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਲਈ ਵੀ ਬਹੁਤ ਨੁਕਸਾਨ ਦੇਹ ਹੈ — ਸਾਡਾ ਸੂਬਾ ਸਰਹੱਦੀ ਸੂਬਾ ਹੈ ਅਤੇ ਇਹਦੇ ਵਿਚ ਅਤਿਵਾਦੀਆਂ ਨੇ ਜੇਹੜੇ ਭਿੰਡਰਾਂਵਾਲੇ ਦੇ ਸਮਰਥਕ ਹਨ ਬੜੀ ਭੂਮਕਾ ਨਿਭਾਈ ਹੈ — ਜੇਹੜੇ ਰਾਜਨੀਤਕ ਕਤਲ ਹੋਏ ਨੇ ਇਹਨਾਂ ਨੇ ਬਹੁਤ ਹੀ ਸ਼ੇਕ ਕਰ ਦਿਤਾ ਹੈ ਲੋਕਾਂ ਨੂੰ ਖਾਸ ਕਰਕੇ ਤਿਵਾੜੀ ਦਾ, ਮਨਚੰਦੇ ਦਾ, ਹਰਬੰਸ ਲਾਲ ਖੰਨਾ ਦਾ, ਇਹ ਪੁਲੀਟੀਕਲ ਕਤਲ ਸੀ — ਇਦੇ ਵਿਚ ਸ਼ੱਕ ਨਹੀਂ ਕਿ ਅਕਾਲੀ ਪਾਰਟੀ ਦੀ ਲੀਡਰਸ਼ਿਪ ਆਪਣੇ ਆਪ ਨੂੰ ਅਲੱਗ ਦਸਦੀ ਰਹੀ ਹੈ ਇਸਦਾ ਜੋ ਸੈਂਟਰ ਬਣਿਆ ਹੈ ਉਹ ਦਰਬਾਰ ਸਾਹਿਬ ਹੈ — ਇਸ ਲਈ ਕਿਸੇ ਨੂੰ ਕਾਇਲ ਕਰਨਾ ਸੰਭਵ ਨਹੀਂ ਅਤੇ ਲੋਕ ਵੀ ਅਖਬਾਰਾਂ ਦੇ ਪ੍ਰਚਾਰ ਤੇ ਇਸ ਗੱਲ ਤੇ ਨਹੀਂ ਅੰਤਰ ਕਰਦੇ — ਇਹ ਸਰਗਰਮੀਆਂ ਚੰਦ ਇਕ ਅਤਿਵਾਦੀ ਸਿੱਖਾਂ ਦੀਆਂ ਹਨ — ਆਮ ਸਿੱਖਾਂ ਦਾ ਇਸ ਨਾਲ ਕੋਈ ਸਬੰਧ ਨਹੀਂ — ਦੂਜੇ ਪਾਸੇ ਹਿੰਦੂ ਫਿਰਕਾ ਪ੍ਰਸਤਾਂ ਦਾ ਪ੍ਰਚਾਰ ਇਤਨਾਂ ਤੇਜ਼ ਹੈ ਕਿ ਜਿਸ ਨਾਲ ਸਿੱਖਾਂ ਦੇ ਖਿਲਾਫ ਵੀ ਨਫਰਤ ਦੀ ਸ਼ਕਲ ਵੀ ਇਖਤਿਆਰ ਕਰ ਰਹੀ ਹੈ — ਬਾਹਰਲੇ ਸੂਬਿਆਂ ਵਿਚ — ਇਸ ਲਈ ਹਾਲਾਤ ਬੜੇ ਚਿੰਤਾਜਨਕ ਹਨ ਅਤੇ ਇਹਦਾ ਪਹਿਲੂ ਇਹ ਹੋ ਗਿਆ ਹੈ ਹੁਣ ਜਿਸ ਵੇਲੇ ਏਹੋ ਜਹੇ ਅਤਿਵਾਦੀ ਜਿਨ੍ਹਾਂ ਦੀ ਰਾਜਨੀਤਕ ਦਰਿਸ਼ਟੀ ਕੋਈ ਨਾ ਹੋਵੇ — ਸਾਹਮਣੇ ਮੁਲਕ ਦੀ ਭਲਾਈ ਜਾਂ ਏਕਤਾ ਦਾ ਦਰਦ ਨਾ ਹੋਵੇ ਉਹ ਫੇਰ ਆਪਸ ਵਿਚ ਹੀ ਮਾਰ ਧਾੜ ਕਰਨ ਲਗ ਪੈਂਦੇ ਹਨ — ਦਰਬਾਰ ਸਾਹਿਬ ਦੇ ਮੂਹਰੇ ਦੋ ਤਿੰਨ ਕਤਲ ਹੋਏ ਹਨ — ਇਹ ਸੰਕੇਤ ਹੈ ਕਿ ਆਪਸ ਵਿਚ ਵੀ ਇਨ੍ਹਾਂ ਦੀ ਲੜਾਈ ਵਧੇਗੀ — ਝਗੜੇ ਵਧਣ ਗੇ — ਇਹਦੇ ਸਿੱਟੇ ਇਹਨਾ ਦੀ ਪਾਰਟੀ ਲਈ ਵੀ ਠੀਕ ਨਹੀਂ ਨਿਕਲਣਗੇ — ਇਹ ਨੇ ਮੋਟੇ ਤੌਰ ਤੇ ਹਾਲਾਤ — ਹੁਣ ਮੁੱਖ ਤੌਰ ਤੇ ਜ਼ੁਮੇਂਵਾਰੀ ਦੀ ਗਲ ਲਈਏ ਤਾਂ ਇਹ ਗਲ ਕਹਿਣੀ ਪਊਗੀ ਕਿ ਸਰਕਾਰ ਦੀ ਜ਼ੁਮੇਂਵਾਰੀ ਇਸ ਵਿਚ ਬੜੀ ਵੱਡੀ ਹੈ — ਇਸ ਪੱਖ ਤੋਂ ਬਈ ਜੇ ਸਰਕਾਰ ਮਾਮਲੇ ਨੂੰ ਨਜਿੱਠ ਲੈਂਦੀ ਤਾਂ ਇਹ ਹਾਲਾਤ ਅੱਜ ਹੁੰਦੇ ਨਹੀਂ — ਅਤਿਵਾਦੀਆਂ ਨਾਲ ਸਾਨੂੰ ਪੂਰਾ ਯਕੀਨ ਸੀ ਕਿ ਉਹ ਨਿਖੜ ਜਾਂਦੇ ਤੇ ਲੋਕ ਉਨ੍ਹਾਂ ਨੂੰ ਦੁਰਕਾਰਦੇ — ਲੇਕਨ ਚੂੰਕਿ ਇਨ੍ਹਾਂ ਨੇ ਅਕਾਲੀ ਪਾਰਟੀ ਨੂੰ ਨਿਕਲਣ ਲਈ ਕੋਈ ਰਾਹ ਨਹੀਂ ਦਿਤਾ ਉਸ ਪੜਦੇ ਥੱਲੇ ਅਤਿਵਾਦੀ ਪਲਣ ਲੱਗ ਪਏ ਅਤੇ ਅਕਾਲੀ ਲੀਡਰਸ਼ਿਪ ਦੀਆਂ ਕੁਝ ਗਲਤੀਆਂ ਨੇ ਵੀ ਉਨ੍ਹਾਂ ਨੂੰ ਵਧਣ ਫੁਲਣ ਦਾ ਮੌਕਾ ਦਿਤਾ।

ਦ.ਗਿੱਲ — ਇਸ **situation** ਵਿਚ ਮੈਂ ਸੋਚਦਾ ਹਾਂ ਕਿ ਧਾਰਾ ਦੇ ਅੰਦਰ ਪਤਾ ਨਹੀਂ ਉਸ ਵੇਲੇ ਕੀ ਹਾਲਤ ਹੋਣੀ ਏ ਜਿਸ ਵੇਲੇ ਬਾਦਲ, ਟੌਹੜਾ ਇਹ ਜੇਲਾਂ ਵਿਚ ਜਾ ਬੈਠੇ ਆਪ ਤਾਂ ਉਥੇ ਅੰਦਰ, ਲੌਂਗੋਵਾਲ ਰਹਿ ਗਿਆ ਇਕੱਲਾ — ਉਨ੍ਹਾਂ ਨੂੰ ਚੰਗਾ ਭਲਾ ਪਤਾ ਸੀ ਚਾਰ ਪੰਜ ਸੌ ਬੰਦਾ ਬੈਠਾ ਹੈ ਭਿੰਡਰਾਂਵਾਲੇ ਦਾ ਅੰਦਰ ਬੈਠਾ ਹੈ। ਇਹਦੇ ਨਾਲ ਲੌਂਗੋਵਾਲ ਦੀ ਜੋ ਪੁਜ਼ੀਸ਼ਨ ਹੈ ਜਿਸ ਤੋਂ ਲੌਂਗੋਵਾਲ ਦੀ ਸਟੇਟਮੈਂਟਾਂ ਦੀ ਟੋਨ ਹੀ ਚੇਂਜ ਹੋ ਗਈ ਹੈ ਉਹਨਾਂ ਦੇ ਜੇਲ ਜਾਣ ਤੋਂ ਬਾਅਦ।

ਸੁਰਜੀਤ — ਇਹ ਗੱਲ ਹੈ ਨਾ ਕਿ ਲੀਡਰਸ਼ਿਪ ਮਿਲਕੇ ਕੁਝ ਰਹਿਨੁਮਾਈ ਕਰ ਸਕਦੀ ਸੀ ਇਸ ਤੋਂ ਇਹ ਬਾਂਝ ਹੋ ਗਏ। ਅਤਿਵਾਦੀਆਂ ਦਾ ਪਰੈਸ਼ਰ ਵੱਧ ਗਿਆ। ਇਸ ਲਈ ਮੈਂ ਲੌਂਗੋਵਾਲ ਨੂੰ ਜੋ ਚਿੱਠੀ ਲਿਖੀ ਹੈ —

ਦ. ਗਿੱਲ — ਮੈਂ ਛਾਪੀ ਹੈ ਉਹ।

ਸੁਰਜੀਤ — ਉਸ ਵਿਚ ਮੈਂ ਕਿਹਾ ਹੈ ਕਿ ਹੁਣ ਤੁਸੀਂ ਕੇਂਦਰੀ ਸਰਕਾਰ ਦੇ ਹੱਥਾਂ 'ਚ ਇਸ ਗੱਲ ਨਾਲ ਖੇਲੋਂ।

ਦ. ਗਿੱਲ — ਇਹ ਚਿੱਠੀ ਬੜੀ ਪਸੰਦ ਆਈ ਇਥੇ। ਲੋਕਾਂ ਨੇ ਬੜੀ ਪਸੰਦ ਕੀਤੀ। ਬੜੇ ਫੋਨ ਆਏ ਇਸ ਬਾਰੇ।

ਸੁਰਜੀਤ — ਮੈਂ ਲਿਖਿਆ ਹੈ ਕਿ ਇਸ ਦਾ ਅਸਰ ਬੜਾ ਭੈੜਾ ਪਏਗਾ। Subsquently ਮੈਂ ਜੋ ਅਨੁਭਵ ਕੀਤਾ ਸੀ ਉਹੀ ਹੋਇਆ।

ਦ. ਗਿੱਲ — ਇਸਦਾ ਕੋਈ ਹੱਲ ਵੀ ਹੈ।

ਸੁਰਜੀਤ — ਹੱਲ ਹੈ ਇਸਦਾ ਬਈ ਜਿਹੜੀਆਂ ਤਾਂ ਪੰਜਾਬ ਦੀਆਂ ਜਾਇਜ਼ ਗੱਲਾਂ ਨੇ ਸਰਕਾਰ ਨੂੰ ਹੁਣ ਵੀ ਸਮਝਣਾ ਚਾਹੀਦਾ ਹੈ। ਸ਼ਾਇਦ ਕੁਝ ਫਾਇਦਾ ਹੋ ਜਾਏ। ਚਾਰ ਵੋਟਾਂ ਕਿਤੋਂ ਵੱਧ ਮਿਲ ਜਾਣ ਘੱਟ ਜਾਣ — ਲੋਕਾਂ ਵਿਚ ਇਹ ਡਰ ਹੈ ਕਿ ਸਾਨੂੰ ਪਰੋਟੈਕਟ ਕੌਣ ਕਰ ਸਕਦਾ ਹੈ। ਲੋਕਾਂ ਵਿਚ ਇਹ ਸਵਾਲ ਆ ਗਿਆ ਹੈ ਕਿ ਸਾਡੀ ਹਿਫਾਜ਼ਤ ਤਾਂ ਸਰਕਾਰ ਹੀ ਕਰ ਸਕਦੀ ਹੈ ਕਿ ਰਾਜ ਉਹਨਾਂ ਦਾ ਹੈ — ਵੋਟਾਂ ਬੜੀ ਛੋਟੀ ਗੱਲ ਹੈ ਬੇਇਜ਼ਤੀ ਏਕਤਾ ਨੂੰ ਹੀ ਟੁੱਟਣ ਦਾ ਡਰ ਹੋ ਗਿਆ ਤਾਂ ਮੁਲਕ ਲਈ ਬਹੁਤ ਹੀ ਹਾਨੀਕਾਰਕ ਸਿੱਟੇ ਹੋ ਸਕਦੇ ਨੇ। ਜੇ ਅਤਿਵਾਦੀਆਂ ਦੀਆਂ ਸਰਗਰਮੀਆਂ ਨੇ ਐਸਾ ਵਾਤਾਵਰਣ ਪੈਦਾ ਕਰ ਦਿੱਤਾ ਜਿਹੜਾ ਮੈਨੂੰ ਯਕੀਨ ਹੈ ਨਹੀਂ ਪੈਦਾ ਹੋਏਗਾ ਬਈ ਇਧਰੋਂ ਲੋਕ ਉਜੜਨ ਲੱਗ ਪੈਣ ਅਤੇ ਉਧਰੋਂ ਸਿਖ ਉਜੜਨ ਲੱਗ ਪੈਣ ਇਹ ਬਹੁਤ ਹੀ ਖਤਰਨਾਕ ਹੈ ਸਾਰੇ ਹਿੰਦੋਸਤਾਨ ਵਾਸਤੇ — ਮੈਨੂੰ ਪਤਾ ਹੈ ਇਹ ਗੱਲ ਨਹੀਂ ਹੋਣ ਲੱਗੀ ਹਾਲੇ ਕਾਫੀ ਡੇਮੋਕਰੇਟਿਕ ਫੋਰਸਜ਼ ਤਕੜੀਆਂ ਹੈਗੀਆਂ ਜਿਹੜੀਆਂ ਐਗਜਿਸਟ ਕਰਨਗੀਆਂ। ਸਰਕਾਰ ਦੀਆਂ ਪਾਲਸੀਆਂ ਨੇ ਉਹਨਾਂ ਨੂੰ ਕੁਝ ਐਸ ਹਾਲਤ ਵਿਚ ਪਾ ਦਿਤਾ ਜਿਥੇ ਉਹ ਡਾਇਰੇਕਸ਼ਨ ਲੋਕਾਂ ਨੂੰ ਦੇਣਗੇ ਕਿਸੇ ਪਾਸੇ ਲਿਆਉਣ ਵਾਸਤੇ। ਅਜੇ ਨਹੀਂ ਲਿਆ ਸਕਦੇ ਲੇਕਿੰਨ ਇਹਦੀਆਂ ਮੁਜ਼ਾਹਮਤ ਦੀਆਂ ਤਾਕਤਾਂ ਹੈਗੀਆਂ।

ਦ. ਗਿੱਲ — ਜਿਸ ਤਰ੍ਹਾਂ ਤੁਹਾਡੇ ਆਉਣ ਤੋਂ ਬਾਅਦ ਵਿਸਾਖੀ ਵਾਲੇ ਦਿਨ ਨੰਗੀਆਂ ਤਲਵਾਰਾਂ ਲੈ ਕੇ ਦਸ ਹਜ਼ਾਰ ਲੋਕਾਂ ਨੇ ਜਲੂਸ ਕੱਢਿਆ।

ਸੁਰਜੀਤ — ਇਹਦੇ ਨਾਲ ਭੈ ਪੈਦਾ ਹੋ ਗਿਆ। ਅੱਜ ਕੱਲ੍ਹ ਤਲਵਾਰਾਂ ਦਾ ਇਹ ਮੁਜ਼ਾਹਰਾ ਸਿੱਖੀ ਨੂੰ ਵਧਾਉਣ ਦੀ ਗੱਲ ਨਹੀਂ ਦੱਸਦਾ। ਇਹ ਮੁਜ਼ਾਹਰਾ ਦੱਸਦਾ ਹੈ ਕਿ ਅਸੀਂ ਜ਼ੋਰ ਵਾਲੇ ਹਾਂ। ਤੁਸੀਂ ਜ਼ੋਰ ਵਾਲੇ ਨਹੀਂ। ਇਹ ਨਿਸ਼ਾਨੀ ਨਹੀਂ ਇਸ ਗੱਲ ਦੀ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜਿਆ ਸੀ। ਉਹਨੇ ਖਾਲਸਾ ਸਾਜਿਆ ਸੀ ਜ਼ੁਲਮ ਨਾਲ ਟਾਕਰਾ ਕਰਨ ਲਈ ਅੱਜ ਤੁਸੀਂ ਜਿਹੜਾ ਇਹ ਵੱਡਾ ਜਲੂਸ ਕੱਢਦੇ ਹੋ ਇਸ ਜਲੂਸ ਦਾ ਅਰਥ ਹੁੰਦਾ ਹੈ ਕਿ Minority ਜਿਹੜੀਆਂ ਘੱਟ ਗਿਣਤੀਆਂ ਨੇ ਉਹਨੂੰ ਭੈ ਭੀਤ ਕੀਤਾ ਜਾਵੇ ਬਈ ਇਥੇ ਅਸੀਂ ਜਿਹੜੇ ਹਾਂ ਬੜੇ ਮਜ਼ਬੂਤ ਅਤੇ ਤਕੜੇ ਹਾਂ।

ਦ. ਗਿੱਲ — ਉਹ ਬਣ ਗਿਆ ਨਾ ਬਈ ਕਿ ਹਿੰਦੋਸਤਾਨ ਵਿਚ ਸਿਖ ਘੱਟ ਗਿਣਤੀ ਹਨ ਅਤੇ ਪੰਜਾਬ ਵਿਚ ਹਿੰਦੂ ਘੱਟ ਗਿਣਤੀ ਹਨ।

ਸੁਰਜੀਤ — ਸਿਖ ਜਿਹੜੇ ਹਿੰਦੋਸਤਾਨ ਵਿਚ ਬੈਠੇ ਨੇ ਉਹ ਸਾਰੇ ਬੜੇ ਪਰਾਪਰਟੀ ਵਾਲੇ ਨੇ। ਜ਼ਮੀਨ ਲੈ ਕੇ ਬੈਠੇ ਨੇ। ਟਰਾਂਸਪੋਰਟ ਹੈ। ਹੋਟਲਾਂ ਦਾ ਧੰਦਾ ਹੈ। ਬੜਾ ਤਕੜਾ ਬਿਜ਼ਨਿਸ ਲੈ ਕੇ ਬੈਠੇ ਨੇ। ਇਹਦਾ effect ਉਹਨਾਂ ਤੇ ਹੋਣਾ ਲਾਜ਼ਮੀ ਹੈ। ਇਹ ਨਹੀਂ ਸੋਚਦੇ ਕਿ ਇਥੇ ਤਾਂ ਜੋ ਹੋਣਾ ਹੈ ਹੋਣਾ ਹੀ ਹੈ ਲੇਕਿੰਨ ਜਿਹੜਾ ਉਹਨਾਂ ਤੇ effect ਹੋ ਜਾਣਾ ਹੈ ਇਹ ਪੋਲਿਟੀਕਲੀ ਅਵੱਸ਼

(ਬਾਕੀ ਪੰਨਾ 4 ਤੇ)

ਬਰਾੜ ਇੰਟਰਪਰਾਈਜਜ਼

ਵੈਨਕੂਵਰ ਵਿਚ ਪੇਸ਼ ਕਰਦੇ ਹਨ

ਪੰਜਾਬ ਦੀ ਆਵਾਜ਼

# ਗੁਰਦਾਸ ਮਾਨ ਐਂਡ ਪਾਰਟੀ

## ਮਈ 6, 1984 ਸ਼ਾਮ ਦੇ ਅੱਠ ਵਜੇ

## ਕੁਈਨ ਐਲਿਜ਼ਬਿਥ ਥੀਏਟਰ, ਵੈਨਕੂਵਰ

## 649, CAMBIE, VANCOUVER, B.C.

ਆਪਣੀ ਸ਼ਾਮ ਨੂੰ ਹੁਸੀਨ ਬਨਾਉਣ ਲਈ ਇਹ ਸ਼ੋਅ ਦੇਖਣਾ ਨਾ ਭੁੱਲਣਾ

**ਟਿਕਟ :**

**$10**

**$15**

**$20**



**MAY 6, 1984**

**at 8 p.m.**

**At Queen Elizabeth Theatre**

ਗੁਰਦਾਸ ਮਾਨ ਜਿਨ੍ਹਾਂ ਫ਼ਿਲਮਾਂ ਵਿਚ ਹੀਰੋ ਤੇ ਗਾਇਕ ਦੇ ਤੌਰ ਤੇ ਆਇਆ ਹੈ — ਉਨ੍ਹਾਂ ਵਿਚ 'ਦਿਲ ਦਾ ਮਾਮਲਾ', 'ਪੂਰਨਮਾਸ਼ੀ', 'ਮਿਰਜ਼ਾ ਸਾਹਿਬਾਂ' ਤੇ ਲੌਂਗ ਦਾ ਲਿਸ਼ਕਾਰਾ ਸ਼ਾਮਲ ਹਨ ।

**ਗੁਰਦਾਸ ਮਾਨ ਦੀ ਪਾਰਟੀ ਵਿਚ ਸ਼ਾਮਲ :** ਮਨਜੀਤ ਮਾਨ, ਗੁਰਪੰਥ ਮਾਨ (ਮੰਡੋਲੀਅਨ), ਰਾਜਨ ਕੁਮਾਰ (ਕਾਮੇਡੀਅਨ), ਧਰਮ ਪਾਲ (ਆਰਗਨ ਕੌਰਡੀਅਨ), ਜੋਤਿੰਦਰ ਦੱਤ (ਗਾਇਕ), ਜਸਵੰਤ ਭੋਲਾ (ਢੋਲਕ), ਗੁਰਮੀਤ, ਮਨਜੀਤ (ਗਿਟਾਰ)

ਟਿਕਟਾਂ ਹੇਠ ਲਿਖੇ ਸਟੋਰਾਂ ਤੋਂ ਮਿਲ ਸਕਦੀਆਂ ਹਨ

**Mann Music & Video**
6512 Main St. Vancouver, B.C.
Ph. 321-6667

**Main Food Centre**
6681, Main St. Vancouver, B.C.
Ph. 324-4185

**Toor Spices & Foods**
6669, Fraser St., Vancouver, B.C.
Ph. 324-3432

**Gill Foods Ltd.**
4 - 9305, 120 St., Surrey, B.C.
Ph. 588-6216

**Bhagat Enterprises**
Clearbrook Road, Clearbrook, B.C.

**Goyal Videos**
4160, Fraser St. Vancouver, B.C.
Ph. 873-8308

**Ambika Foods**
5125, Victoria Dr., Vancouver, B.C.
Ph. 327-0295

**Indo-Fiji Foods**
Victoria Dr. Vancouver, B.C.

**More Information :**

**Naib S. Brar 321-2911**

# End the Arms Race

## Canadians Pay For Arms Race With Lost Jobs

Few Canadians realize that in addition to heightening world tension the arms race drains the economy of jobs.

There are enough bombs in today's nuclear arsenal to kill every man, woman and child in the world several times over.

Yet the world is still spending $1 million a minute on arms.

Even if these weapons are never used we pay with lost jobs and a declining economy.

Canada is deeply involved in the arms race. A staggering $9 billion will be spent on national defence in this fiscal year alone.

Billions are being set aside to purchase F-18 fighter planes. The money going to just one of these jet fighters would be enough to pay the salary of about 1,000 teachers for a year.

The truth is Canada's defence budget is growing annually faster than the rate of inflation.

Recent studies show that countries with low levels of military spending are experiencing strong economic growth.

Japan is the best example. While the U.S., Great Britain and our own economy reflect the slumping productivity that accompanies heavy arms expenditures.

In fact, military spending contributes to inflation.

Firstly, money spent on arms takes scare and valuable resources out of the economy but returns no domestically consumable goods.

Secondly, arms producers are often given "cost plus" contracts which encourage them to inflate costs and hence their profits.

Finally, arms expenditures are an enormous drain on the American treasury. The current military budget of the Reagan administration will require the U.S. government to borrow on a massive scale.

We are already seeing the resulting spiralling of interest rates. This will impede any genuine economic recovery of our country's economy, which is so closely tied to the American economy.

And far from stimulating employment, military spending actually reduces it.

One billion dollars spent on the military creates about 75,700 jobs. In education, the same amount would put 187,299 people to work. In health care, it would create 138, 939 jobs. While in construction, 100,072 people would be at work.

Obviously, the arms race is adding to the wastful use of our precious resources of human talent, raw materials, energy and investment capital. Military expenditures are an increasing drain on the public purse and the individual taxpayer.

Whils reducing the growing stockpile of armaments would itself help lower the level of world tension, disarment has the additional benefit of freeing up tax dollars to provide socially useful jobs to help us out of the current economic crisis.

Disarmament offers a savings to the taxpayer and a benefit to the consumer, while freeing us all from the fear of instant annihiliation or a slow and painful death.

We can't afford to wait for politicians to negotiate an end to the arms race.

Walking for peace in Vancouver with End the Arms Race will make it clear that we want jobs, decent health care and a proper education for our children not more spending on armaments.

Assemble at 11 a.m. at Kitsilano Beach on April 28. Our lives and our livelihoods are at stake.

# Further Cruise Missile Testing Must Be Cancelled

Why refuse the cruise?

Isn't it all over now that the federal government has allowed the U.S. to test cruise missiles in northern Canada?

Wrong. The cruise missile test conducted over the Northwest Territories, B.C. and Alberta last month is just the first in a series that would take place during the next five years.

We need to stop future testing.

Deploment of the cruise missile takes the nuclear arms race across a very dangerous threshold from a situation where nuclear weapons would be used only for retaliation – and, perhaps, never at all – to a situation where nuclear weapons would be used only for a first strike.

Over the past four decades military strategy has been based on using nuclear weapons only in response to a nuclear attack by the other side. A devastating retaliatory strike would be delivered against the agressor's cities.

Under this strategy of mutually assured destruction nuclear war is deterred since an attack resulting in mutual suicide would not be intentionally launched.

The most important criteria of weapons designed for this strategy is survivability. For that reason both the U.S. and U.S.S.R. have placed nuclear weapons on submarines and built fortified missile silos.

But the cruise missile doesn't meet this criteria. It is designed for fighting not deterring a nuclear war.

Although it has a small warhed, it is highly accurate and travels close to the groung making radar detection virtually impossible.

It's accuracy, which took cinsiderable ingenuity and testing to develop, means the cruise can be used to destroy military targets requiring an almost direct hit.

In a U.S. military document produced by the joint chiefs of staff, it is acknowledged that the cruise would make it possible "to escalate the intensity of the conflict in a controlled manner."

Describing the cruise missile to the Senate Armed Service Committee, General Bernard Davies, Commander of the Strategic Air Command, went even further: "They are not weapons of mass destruction. As we move to a strategy of warfighting they are more accurate, smaller yield to carry our our wrafighting strategy."

The fatal flaw in this strategy is the assumption that nuclear war can be kept limited. It isn't feasible, considering the destructive capacity of nuclear weapons, to imagine a scenario where the two superpowers take turns knocking out a few of the other side's missile silos.

Because the cruise is a weapons of surprise and first strike, it will lead to further destablization and strategies such as lanuch on warning.

Canada is playing a significant role in this erosion of global security by testing the cruise missile. And it has been reported that the U.S. will soon ask Canada to test the stealth or advanced cruise missile, built with an improved guidance system.

Canada can unilaterally cancel the testing agreement at any time by giving the U.S. one year's notice.

Make you views known by supporting the Peace Petition Caravan being organized this summer to call on Parliament to end cruise testing.

And join the End the Arms Race walk for peace in Vancouver on April 28. Assemble 11 a.m. at Kitsilano Beach.

# ਹੀਰੋਸ਼ੀਮਾ ਤੇ ਨਾਗਾਸਾਕੀ ਦੀ ਤਬਾਹੀ

ਉਨ੍ਹਵੀਂ ਸਦੀ ਦੇ ਅਖੀਰ ਵਿਚ ਮੈਡਮ ਮੈਰੀ ਕਿਊਰੀ ਤੇ ਮਿਸਟਰ ਪੀਏਰ ਕਿਊਰੀ ਦੀ ਜੋੜੀ ਨੇ ਰੇਡੀਅਮ ਦੀ ਖੋਜ ਕੀਤੀ ਸੀ।

1938 ਵਿਚ ਜਰਮਨ ਕੈਮਿਸਟ ਓ. ਹਾਹਨ ਤੇ ਉਸਦੇ ਸਾਥੀ ਸਟਰਾਮਾਨ ਤੇ ਯੂਰੇਨੀਅਮ ਦੀ ਖੋਜ ਵਿਚ ਸਫਲਤਾ ਪ੍ਰਾਪਤ ਕੀਤੀ।

ਅਪਰੈਲ 1939 ਵਿਚ ਜਰਮਨ ਸਾਇੰਸਦਾਨਾਂ ਨੇ ਜਰਮਨ ਸਰਕਾਰ ਨੂੰ ਦੱਸ ਦਿੱਤਾ ਕਿ ਇਸ ਖੋਜ ਕਰਕੇ ਯੂਰੇਨੀਅਮ ਵਰਤ ਕੇ ਬੰਬ ਤਿਆਰ ਕੀਤੇ ਜਾ ਸਕਦੇ ਹਨ ਜੋ ਬੜੇ ਤਬਾਹਕੁਨ ਹੋਣਗੇ।

ਜਦ ਇਸ ਖੋਜ ਬਾਰੇ ਅਮਰੀਕਾ ਦੇ ਵੱਡੇ ਸਾਇੰਸਦਾਨ ਐਲਬਰਟ ਐਨਸਟਾਈਨ ਨੂੰ ਪਤਾ ਲਗਾ ਤਾਂ ਉਸ ਨੇ ਆਪਣੇ ਸਾਥੀ ਸਾਇੰਸਦਾਨ ਈ. ਵਿਗਨਰ ਤੇ ਸਜ਼ੀਲਾਰਡ ਐਨਸਟਾਈਨ ਨੇ ਸਲਾਹ ਕੀਤੀ। ਇਹ ਤਿੰਨੇ ਸਾਇੰਸਦਾਨ ਅਮਨ ਦੇ ਹਾਮੀ ਸਨ। ਉਨ੍ਹਾਂ ਤਿੰਨਾ ਨੇ ਉਸ ਸਮੇਂ ਦੇ ਅਮਰੀਕਾ ਦੇ ਪ੍ਰਧਾਨ ਰੂਜ਼ਵੈਲਟਨੂੰ ਚਿੱਠੀ ਲਿਖ ਕੇ ਇਸ ਖਤਰੇ ਤੋਂ ਜਾਣੂੰ ਕਰਵਾਇਆ ਕਿ ਜੇ ਨਾਜ਼ੀ ਜਰਮਨੀ ਪਾਸ ਐਟਮ ਬੰਬ ਤਿਆਰ ਹੋ ਗਿਆ ਤਾਂ ਅਮਨ ਦੀ ਕੋਈ ਆਸ ਨਹੀਂ ਰਹਿ ਜਾਏਗੀ।

ਕਾਫੀ ਜਕੋਤਕਿਆ ਮਗਰੋਂ ਰੂਜ਼ਵੈਲਨ ਨੇ ਹੁਕਮ ਦੇ ਦਿਤਾ ਕਿ ਨਕਲੀਅਰ ਐਨਰਜੀ ਦੀ ਖੋਜ ਵਾਸਤੇ ਇਕ ਖਾਸ ਮਹਿਕਮਾ ਬਣਾ ਦਿਤਾ ਜਾਏ। ਅਮਰੀਕਨ ਸਾਇੰਸਦਾਨ ਓਪਨਹਾਈਮਰ ਨੂੰ ਇਸ ਖੋਜੀ ਮਹਿਕਮੇ ਦਾ ਇਨਚਾਰਜ ਬਣਾਇਆ ਗਿਆ। ਥੋੜੇ ਸਮੇਂ ਵਿਚ ਹੀ ਇਸ ਖੋਜੀ ਮਹਿਕਮੇ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਨਫਰੀ ਇਕ ਲੱਖ ਪੰਜੀ ਹਜ਼ਾਰ ਹੋ ਗਈ। ਉਸ ਸਮੇਂ ਅਮਰੀਕਨ ਸ਼ਹਿਰੀਆਂ ਪਾਸੋਂ ਵੀ ਇਸ ਖੋਜ ਦਾ ਕੰਮ ਭੇਤ ਵਿਚ ਰਖਿਆ ਗਿਆ। ਅਖਬਾਰਾਂ ਵਾਲਿਆਂ ਨੂੰ ਵੀ ਇਸ ਖੋਜ ਦਾ ਧੂੰਆਂ ਤਕ ਨਾ ਪਤਾ ਲਗਣ ਦਿਤਾ ਗਿਆ।

ਸਤੰਬਰ 1942 ਵਿਚ ਇਹ ਮਹਿਕਮਾ ਅਮਰੀਕਨ ਫੌਜ ਦੇ ਹਵਾਲੇ ਕਰਕੇ ਇਸ ਦਾ ਚਾਰਜ ਜਨਰਲ ਗਰੋਵਜ਼ ਨੂੰ ਦੇ ਦਿਤਾ ਗਿਆ। ਹੁਣ ਇਹ ਇਕ ਫੌਜ-ਭੇਤ ਬਣ ਕੇ ਰਹਿ ਗਿਆ।

ਹੁਣ ਅਮਰੀਕਨ ਸਾਇੰਸਦਾਨਾਂ ਨੂੰ ਭਰੋਸਾ ਹੋ ਗਿਆ ਕਿ ਐਟਮ ਬੰਬ ਤਿਆਰ ਕੀਤਾ ਜਾ ਸਕਦਾ ਹੈ। ਇਟਲੀ ਦਾ ਇਕ ਸਾਇੰਸਦਾਨ ਈ. ਫਰਮੀ. ਆਪਣਾ ਦੇਸ ਛੱਡ ਕੇ ਅਮਰੀਕਾ ਆਂ ਗਿਆ ਸੀ। ਉਸ ਦੀ ਅਗਵਾਈ ਵਿਚ ਦੋ ਦਸੰਬਰ, 1942 ਨੂੰ ਨਕਲੀਅਰ ਪਾਵਰ ਸਟੇਸ਼ਨ ਤੋਰਿਆ ਗਿਆ।

16 ਜੁਲਾਈ 1945 ਨੂੰ ਐਟਮ ਬੰਬ ਦਾ ਪਹਿਲਾ ਤਜਰਬਾ ਕੀਤਾ ਗਿਆ। ਨਵਾਦਾ ਦੇ ਰੇਗਸਤਾਨ ਵਿਚ ਇਕ ਸਟੀਲ-ਟਾਵਰ ਬਣਾ ਕੇ, ਉਸਦੇ ਉਤੇ ਐਟਮ ਬੰਬ ਰਖਿਆ ਗਿਆ। ਇਸ ਤਜਰਬੇ ਬਾਰੇ ਇਸ ਤਰ੍ਹਾਂ ਲਿਖਿਆ ਗਿਆ :— "ਨਿਯਤ ਸਮੇਂ ਉਤੇ ਜਦ ਇਹ ਤਜਰਬਾ ਕੀਤਾ ਗਿਆ ਤਾਂ ਇਤਨੀ ਰੌਸ਼ਨੀ ਹੋਈ ਜਿਤਨੀ ਦਿਨ ਦਿਹਾੜੇ ਚਮਕਦੇ ਸੂਰਜ ਵੇਲੇ ਵੀ ਕਦੇ ਨਹੀਂ ਹੁੰਦੀ। ਫੇਰ ਏਨਾ ਵੱਡਾ ਧਮਾਕਾ ਪਿਆ ਕਿ ਦੋ ਬੰਦੇ ਖਲੋਤੇ ਖਲੋਤੇ ਧੜਮ ਕਰਕੇ ਡਿਗ ਪਏ। ਫਿਰ ਰੰਗ ਬਰੰਗਾ ਬਦਲ ਜਿਹਾ ਚਾਲੀ ਹਜ਼ਾਰ ਫੁੱਟ ਉਚਾ ਅਸਮਾਨ ਵੱਲ ਉਠਿਆ। ਉਹ ਬਦਲ ਪੁਲਾੜ ਵਿਚ ਗੁੰਮ ਹੋ ਗਿਆ। ਫਿਰ ਹਵਾ ਵਿਚ ਸੁਆਹ ਜਿਹੀ ਉਡੀ। ਤਜਰਬਾ ਸਫਲ ਰਿਹਾ। ਜਿਸ ਸਟੀਲ-ਟਾਵਰ ਉਤੇ ਐਟਮ ਬੰਬ ਰੱਖ ਕੇ ਛਡਿਆ ਗਿਆ ਸੀ ਉਸ ਟਾਵਰ ਦਾ ਨਾਂ ਨਿਸ਼ਾਨ ਤਕ ਨਾ ਰਿਹਾ। ਜਿਸ ਥਾਂ ਤੇ ਇਹ ਟਾਵਰ ਬਣਾਇਆ ਗਿਆ ਸੀ ਉਥੇ ਪਿਘਲੇ ਹੋਏ ਟਾਵਰ ਦੇ ਸਟੀਲ ਦਾ ਢੇਰ ਲਗਾ ਹੋਇਆ ਸੀ।

ਉਸ ਸਮੇਂ ਪੋਸਟਡਮ ਕਾਨਫਰੰਸ ਚੱਲ ਰਹੀ ਸੀ। ਪ੍ਰਧਾਨ ਟਰੂਅਮੈਂਟ, ਚਰਚਲ, ਤੇ ਸਟਾਲਨ ਇਕੱਠੇ ਸਨ। ਅਮਰੀਕਨ ਕੋਡ ਵਿਚ ਇਸ ਤਜਰਬੇ ਦੀ ਸਫਲਤਾ ਬਾਰੇ ਪ੍ਰਧਾਨ ਟਰੂਅਮੈਨ ਨੂੰ ਤਾਰ ਪਹੁੰਚੀ। ਉਸ ਨੇ ਤਜਰਬੇ ਦੀ ਸਫਲਤਾ ਬਾਰੇ ਮਾਰਸ਼ਲ ਸਟਾਲਨ ਨੂੰ ਜਾਣਕਾਰੀ ਦਿੱਤੀ।

6 ਅਗਸਤ, 1945 ਨੂੰ ਅਮਰੀਕਨਾਂ ਦੇ ਤਿੰਨ ਬੀ -29 ਬੰਬਰ ਹਵਾਈ ਜਹਾਜ਼ ਹੀਰੋਸ਼ੀਮਾ(ਜਾਪਾਨ) ਉਤੇ ਉਡਦੇ ਵੇਖੇ ਗਏ। ਸਵੇਰੇ ਸਵਾ ਅੱਠ ਵਜੇ 580 ਮੀਟਰ ਦੀ ਉਚਾਈ ਤੋਂ ਐਟਮ ਬੰਬ ਮਾਰਿਆ ਗਿਆ। ਨੀਊਯਾਰਕ ਟਾਈਮਜ਼ ਨੇ ਪਹਿਲੇ ਸਫੇ ਉਤੇ ਵੱਡੀ ਸੁਰਖੀ ਦਿਤੀ —

"ਐਟਮ ਬੰਬ ਜਾਪਾਨ ਉਤੇ ਸੁਟਿਆ ਗਿਆ। ਇਹ ਬੰਬ ਵੀਹ ਹਜ਼ਾਰ ਟਨ ਟੀ ਐਨ ਟੀ ਦਾ ਸੀ।" ਮਗਰੋਂ ਦੱਸਿਆ ਗਿਆ ਕਿ ਇਹ ਕੇਵਲ ਬਾਰਾਂ ਹਜ਼ਾਰ ਪੰਜ ਸੌ ਟਨ ਟੀ ਐਨ ਟੀ ਦਾ ਸੀ। ਹੀਰੋਸ਼ੀਮਾ ਸ਼ਹਿਰ ਉਤੇ ਖੁੰਭ ਵਰਗਾ ਧੂੰਏਂ ਦਾ ਪਹਾੜ ਉਠਿਆ। ਕੁਝ ਮਿੰਟਾਂ ਵਿਚ ਹੀ ਸਾਰਾ ਸ਼ਹਿਰ ਤਬਾਹ ਹੋ ਗਿਆ। ਵੀਹ ਹਜ਼ਾਰ ਲੋਕ ਕੁਝ ਦਿਨਾਂ ਵਿਚ ਮਰ ਗਏ।

ਏਨੀਆਂ ਮੌਤਾਂ ਦੇ ਤਿੰਨ ਕਾਰਨ ਬਣੇ :—

ਐਟਮ ਬੰਬ ਦੇ ਧਮਾਕੇ ਨਾਲ ਇਮਾਰਤਾਂ ਢਹਿ ਢੇਰੀ ਹੋ ਗਈਆਂ। ਲੋਕੀ ਮਲਬੇ ਹੇਠਾਂ ਆ ਕੇ ਮਾਰੇ ਗਏ। ਜੋ ਅੱਗ ਦਾ ਪਹਾੜ ਉਠਿਆ ਉਸ ਨੇ ਇਮਾਰਤਾਂ ਨੂੰ ਅੱਗ ਲਾ ਦਿੱਤੀ। ਇਹ ਅੱਗ ਦਾ ਪਹਾੜ ਗਾਮਾ ਤੇ ਨੀਊਟਰਾਨ ਕਿਰਨਾਂ ਵਾਲਾ ਸੀ। ਹੀਰੋਸ਼ੀਮਾ ਦੇ ਸ਼ਹਿਰੀ ਇਨ੍ਹਾਂ ਕਿਰਨਾਂ ਦੀ ਤਾਬ ਨਾ ਲਿਆ ਸਕੇ।

9 ਅਗਸਤ, 1945 ਨੂੰ ਨਾਗਾਸਾਕੀ (ਜਾਪਾਨ) ਸ਼ਹਿਰ ਉਤੇ ਅਮਰੀਕਨ ਹਵਾਬਾਜ਼ਾਂ ਹੋਰ ਐਟਮ ਬੰਬ ਸੁੱਟਿਆ। ਇਸ ਬੰਬ ਵਿਚ ਲੋਕਾਂ ਨੂੰ ਮਾਰਨ ਵਾਲੀ ਸ਼ਕਤੀ ਹੀਰੋਸ਼ੀਮਾ ਉਤੇ ਸੁਟੇ ਬੰਬ ਨਾਲੋਂ ਵੀ ਕਈ ਗੁਣਾਂ ਵੱਧ ਸੀ। ਇਸ ਬੰਬ ਨਾਲ ਅੱਸੀ ਹਜ਼ਾਰ ਜਾਪਾਨਾ ਮਾਰੇ ਗਏ।

ਐਟਮ ਬੰਬ ਦੀਆਂ ਅਣਗਿਣਤ ਅੱਗਾਂ ਫੈਲ ਗਈਆਂ। ਅੱਗ ਦਾ ਤੂਫਾਨ ਉਠ ਖਲੋਤਾ। ਦੋ ਤਿੰਨ ਘੰਟਿਆਂ ਮਗਰੋਂ ਇਸ ਅੱਗ ਦੇ ਤੂਫਾਨ ਦੀ ਸਪੀਡ 50 ਤੋਂ 60 ਕਿਲੋਮੀਟਰ ਘੰਟੇ ਪਿਛੇ ਹੋ ਗਈ ਤੇ ਛੇ ਘੰਟਿਆਂ ਪਿਛੋਂ ਇਹ ਤੂਫਾਨ ਰੁਕਿਆ।

ਲੋਕਾਂ ਦੇ ਸਰੀਰ ਇਸ ਅੱਗ ਨਾਲ ਝੁਲਸ ਗਏ। ਝੁਲਸੇ ਸਰੀਰਾਂ ਦੇ ਜ਼ਖਮ ਆਮ ਜ਼ਖਮਾਂ ਨਾਲੋਂ ਬਿਲਕੁਲ ਵੱਖਰੇ ਸਨ। ਜਿਸ ਥਾਂ ਉਤੇ ਬੰਬ ਸੁਟਿਆ ਗਿਆ ਸੀ ਇਕ ਮੁਰੱਬਾ ਮੀਲ ਦੇ ਅੰਦਰ ਅੰਦਰ ਤਿੰਨ ਹਜ਼ਾਰ ਤੋਂ ਲੈ ਕੇ ਚਾਰ ਹਜ਼ਾਰ ਸੈਲਸੀਅਸ ਤੱਕ ਦੀ ਗਰਮੀ ਸੀ। ਇਸ ਤੂਫਾਨ ਦੀ ਸਪੀਡ, ਬਹੁਤ ਤੇਜ਼ ਸੀ ਇਸ ਲਈ ਇਹ ਗਰਮੀ ਸਰੀਰਾਂ ਦੇ ਬਾਹਰਲੇ ਹਿੱਸੇ, ਚਮੜੀ ਨੂੰ ਹੀ ਛੋਹ ਸਕੀ ਪਰ ਸਰੀਰਾਂ ਦੇ ਅੰਦਰ ਨਾ ਜਾ ਸਕੀ। (ਬਾਕੀ ਪੰਨਾ 15 ਤੇ)


JIM PATTISON

Pontiac, Buick GMC TRUCKS



JIM PATTISON ON MAIN

SERVICE AFTER SALE

1984 ਦੀਆਂ ਨਵੀਆਂ ਕੈਡਲਿਕ ਖਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ

GM

PARLAD GILL



BUS. 879-4233 3434 MAIN ST. VANCOUVER, B.C. RES. 435-1834

# ਭਾਰਤ ਦਰਪਣ

## ਸੇਠੀ ਦੀ ਥਾਂ ਸ਼ਿਵਸ਼ੰਕਰ ਨੂੰ ਲਏ ਜਾਣ ਦੀ ਸੰਭਾਵਨਾ

ਨਵੀਂ ਦਿੱਲੀ — ਕੇਂਦਰੀ ਗ੍ਰਹਿ ਵਜ਼ਾਰਤ ਦੀ ਲੀਡਰਸ਼ਿਪ ਵਿਚ ਤਬਦੀਲੀ ਬਾਰੇ ਵਿਚਾਰ ਕੀਤੀ ਜਾ ਰਹੀ ਹੈ। ਪੀ.ਸੀ.ਸੇਠੀ ਨੂੰ ਬਦਲ ਕੇ ਕੋਈ ਹੋਰ ਵਿਭਾਗ ਦਿਤੇ ਜਾਣ ਦੀ ਸੰਭਾਵਨਾ ਹੈ। ਇਹ ਤਬਦੀਲੀ ਜੇ ਕਰ ਜ਼ਿਆਦਾ ਜਲਦੀ ਨਹੀਂ ਤਾਂ ਪਾਰਲੀਮੈਂਟ ਸੈਸ਼ਨ ਦੇ ਉਠਣ ਤੋਂ ਫੌਰੀ ਬਾਅਦ ਕੀਤੀ ਜਾਣ ਵਾਲੀ ਹੈ।

ਸ੍ਰੀ ਸੇਠੀ ਦੀ ਥਾਂ ਊਰਜਾ ਤੇ ਪਟਰੋਲੀਅਮ ਮੰਤਰੀ ਪੀ.ਸ਼ਿਵ ਸ਼ੰਕਰ ਨੂੰ ਲਾਏ ਜਾਣ ਦੀ ਸੰਭਾਵਨਾ ਹੈ। ਸ੍ਰੀ ਸੇਠੀ ਨੇ ਇਹ ਪ੍ਰਭਾਵ ਦਿਤਾ ਹੈ ਕਿ ਗ੍ਰਹਿ ਮੰਤਰੀ ਦਾ ਕੰਮ ਉਸ ਲਈ ਬੜਾ ਕਠਿਨ ਹੈ ਅਤੇ ਉਹ ਪੰਜਾਬ ਵਿਚਲੀਆਂ ਗੁੰਝਲਦਾਰ ਘਟਨਾਵਾਂ ਦੇ ਨਾਲ ਨਹੀਂ ਚੱਲ ਸਕਦੇ।

ਕਿਉਂਕਿ ਕੇਂਦਰ ਸਰਕਾਰ ਪੰਜਾਬ ਪ੍ਰਸਾਸ਼ਨ ਨੂੰ ਸਿੱਧੇ ਤੌਰ ਤੇ ਚਲਾਉਂਦੀ ਹੈ ਇਸ ਲਈ ਰਾਜ ਦੀ ਅਮਨ ਕਾਨੂੰਨ ਦੀ ਹਾਲਤ ਵਿਚ ਵਿਗਾੜ ਦੇ ਕਾਰਨ ਵਿਰੋਧੀ ਪਾਰਟੀਆਂ ਇਸ ਦੀ ਅਲੋਚਨਾ ਕਰਦੀਆਂ ਹਨ।

ਭਾਵੇਂ ਕਿ ਕਣੇਸ਼ ਮੰਤਰੀ ਪੀ.ਵੀ.ਨਰਸਿਮਹਾ ਰਾਉ ਦੇ ਨਾਂ ਦਾ ਰਾਜਨੀਤਕ ਹਲਕਿਆਂ ਵਿਚ ਜ਼ਿਕਰ ਹੋ ਰਿਹਾ ਹੈ ਪਰ ਇਸ ਲਈ ਸ੍ਰੀ ਸ਼ਿਵ ਸ਼ੰਕਰ ਨੂੰ ਹੀ ਚੁਣੇ ਜਾਣ ਦੀ ਸੰਭਾਵਨਾ ਹੈ ਜੋ ਕਿ ਪੰਜਾਬ ਵਿਚ ਪੜ੍ਹਿਆ ਹੈ ਅਤੇ ਰਾਜ ਦੀ ਰਾਜਨੀਤੀ ਤੋਂ ਜਾਣੂ ਹੈ। ਸ੍ਰੀ ਸੇਠੀ ਨੇ ਲੋਕ ਸਭਾ ਵਿਚ ਸੰਵਿਧਾਨ ਦੀ ਧਾਰਾ 25 ਵਿਚ ਸੋਧ ਲਈ ਰਜ਼ਾਮੰਦੀ ਬਾਰੇ ਸਰਕਾਰੀ ਐਲਾਨ ਸਬੰਧੀ ਸਵਾਲਾਂ ਦੇ ਜਵਾਬਾਂ ਨਾਲ ਸਰਕਾਰ ਲਈ ਕਸੂਤੀ ਹਾਲਤ ਪੈਦਾ ਹੋ ਗਈ ਕਿਉਂਕਿ ਉਸ ਨੇ ਇਹ ਪ੍ਰਭਾਵ ਦਿਤਾ ਕਿ ਕੋਈ ਵੀ ਵਚਨ ਇਸ ਸਬੰਧੀ ਅਸਲ ਵਿਚ ਨਹੀਂ ਦਿਤਾ ਗਿਆ। ਅਕਾਲੀ ਇਸ ਸੋਧ ਦੀ ਮੰਗ ਕਰ ਰਹੇ ਹਨ।

## ਦਾਜ ਦੇ ਲੋਭੀ ਲਾੜਿਆਂ ਸਣੇ ਪਿਓ ਜਲੂਸ ਕਢਾ ਲਿਆ

ਕਰਤਾਰਪੁਰ — ਇਥੋਂ ਦੋ ਕਿਲੋ ਮੀਟਰ ਦੂਰ ਪਿੰਡ ਕਾਹਲਵਾਂ ਵਿਚ ਦਾਜ ਦੇ ਲਾਲਚੀ ਦੋ ਲਾੜਿਆਂ ਨੂੰ ਬਿਨਾਂ ਵਿਆਹ ਵਾਪਸ ਮੁੜਨਾ ਪਿਆ ਅਤੇ ਪਿੰਡ ਵਾਲਿਆਂ ਨੇ ਉਹਨਾਂ ਨੂੰ ਸਬਕ ਵੀ ਸਿਖਾਇਆ।

ਪ੍ਰਾਪਤ ਸੂਚਨਾ ਅਨੁਸਾਰ ਜਲੰਧਰ ਛਾਉਣੀ ਲਾਗਲੇ ਪਿੰਡ ਘੰਨੋਵਾਲੀ ਤੋਂ ਦੋ ਸਕੇ ਭਰਾਵਾਂ ਦੀ ਬਰਾਤ ਇਸ ਪਿੰਡ ਦੇ ਇਕ ਘਰ ਢੁੱਕੀ। ਜਦੋਂ ਲਾਵਾਂ ਹੋਣ ਲਗੀਆਂ ਤਾਂ ਲਾੜਿਆਂ ਨੇ ਮੰਗ ਕੀਤੀ ਕਿ ਪਹਿਲਾਂ ਉਹਨਾਂ ਨੂੰ ਮੋਟਰ ਸਾਈਕਲ ਦਿਤੇ ਜਾਣ। ਘਰ ਵਾਲਿਆਂ ਦੇ ਆਖਣ ਵੇਖਣ ਅਤੇ ਅਸਮਰਥਾ ਪ੍ਰਗਟਾਉਣ 'ਤੇ ਵੀ ਜਦੋਂ ਲਾੜੇ ਮੋਟਰ ਸਾਈਕਲ ਦੀ ਅੜੀ 'ਤੇ ਅੜੇ ਰਹੇ ਤਾਂ ਦੋਹਾਂ ਪਿੰਡਾਂ ਦੀਆਂ ਪੰਚਾਇਤਾਂ ਸੱਦੀਆਂ ਗਈਆਂ ਤੇ ਹੋਰ ਲੋਕ ਵੀ ਇਕੱਠੇ ਹੋ ਗਏ। ਦੋਵੇਂ ਲਾੜੇ ਅਤੇ ਉਨ੍ਹਾਂ ਦਾ ਪਿਓ ਫੇਰ ਵੀ ਮੋਟਰ ਸਾਈਕਲ ਮੰਗਦੇ ਰਹੇ, ਜਿਸ ਤੇ ਪਿੰਡ ਵਾਲਿਆਂ ਨੇ ਦਾਜ ਦੇ ਲੋਭੀ ਦੋਹਾਂ ਲਾੜਿਆਂ ਤੇ ਉਨ੍ਹਾਂ ਦੇ ਪਿਓ ਦਾ ਕਾਲਾ ਮੂੰਹ ਕਰਕੇ ਪਿੰਡ 'ਚ ਜਲੂਸ ਕਢਿਆ ਤੇ ਬਰਾਤ ਬੇਰੰਗ ਮੋੜ ਦਿਤੀ।

## ਪੰਜਾਬ ਬਾਰੇ ਕੇਂਦਰ ਦੀ ਸੋਚ 'ਚ ਤਬਦੀਲੀ

ਨਵੀਂ ਦਿੱਲੀ — ਕੇਂਦਰ ਸਰਕਾਰ ਦੁਆਰਾ ਧਾਰਾ 25 ਉਤੇ ਵਿਚਾਰ ਕਰਨ ਦੀ ਪੇਸ਼ਕਸ਼ ਤੋਂ ਬਾਅਦ ਅਕਾਲੀ ਦਲ ਵਲੋਂ 2 ਅਪ੍ਰੈਲ ਨੂੰ ਸ਼ੁਰੂ ਹੋਣ ਵਾਲੀ "ਆਜ਼ਾਦ ਸਪਤਾਹ" ਐਜੀਟੇਸ਼ਨ ਵਾਪਸ ਹੋਣ ਮਗਰੋਂ ਪੰਜਾਬ ਸਮਸਿਆ ਦੇ ਹੱਲ ਲਈ ਤਾਜ਼ਾ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ।

ਸਰਕਾਰ ਵਲੋਂ ਅਕਾਲੀ ਆਗੂਆਂ ਨਾਲ ਕਾਇਮ ਕੀਤੇ ਗਏ ਖੁਫੀਆ ਸੰਪਰਕ ਬਹਾਲ ਰਖੇ ਜਾ ਰਹੇ ਹਨ। ਸਰਕਾਰ ਹੋਰ ਪੇਚੀਦਗੀਆਂ ਪੈਦਾ ਕੀਤੇ ਬਿਨਾ ਪੰਜਾਬ ਮਸਲੇ ਦਾ ਹੱਲ ਕਰਨਾ ਚਾਹੁੰਦੀ ਹੈ।

ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਦੀ ਸੋਚ ਵਿਚ ਗੁਣਾਤਮਕ ਤਬਦੀਲੀ ਹੋਈ ਹੈ। ਪਹਿਲਾਂ ਜਿਥੇ ਕੁਝ ਹਲਕੇ ਇਹ ਸੋਚਦੇ ਸਨ ਕਿ ਮਸਲੇ ਦਾ ਹੱਲ ਲਟਕਾਉਣ ਨਾਲ ਅਕਾਲੀ ਸਿਖ ਹਲਕਿਆਂ ਤੇ ਹੋਰ ਪਾਰਟੀਆਂ ਨਾਲੋਂ ਨਿਖੜ ਜਾਣਗੇ, ਨੂੰ ਇਹ ਯਕੀਨ ਹੋ ਗਿਆ ਹੈ ਕਿ ਮਸਲੇ ਦੇ ਹੱਲ ਵਿਚ ਹੋਰ ਦੇਰੀ ਨਾਲ ਹੋਰ ਪੇਚੀਦਗੀਆਂ ਪੈਦਾ ਹੋਣਗੀਆਂ ਤੇ ਸਥਿਤੀ ਵਿਗੜੇਗੀਓ

ਗੱਲਬਾਤ ਸ਼ੁਰੂ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਦੋ ਬੰਦੇ ਗੁਪਤ ਰੂਪ ਵਿਚ ਸੰਤ ਲੌਂਗੋਵਾਲ ਤੇ ਗੁਰਚਰਨ ਸਿੰਘ ਟੌਹੜਾ ਪਾਸ ਭੇਜੇ ਗਏ।

ਨਰਮ ਪੰਥੀ ਵੀ ਸੰਤ ਲੌਂਗੋਵਾਲ ਤੇ ਜ਼ੋਰ ਦੇ ਰਹੇ ਹਨ ਕਿ ਉਹ ਭਿੰਡਰਾਂਵਾਲੇ ਦੀ ਪਿੱਠ ਪੂਰਨ ਦੀ ਬਜਾਏ ਸਪਸ਼ਟ ਨੀਤੀ ਅਪਣਾਏ ਪਰ ਟੌਹੜਾ ਨਾਲ ਨਿਪਟਣਾ ਪੇਚੀਦਾ ਮਾਮਲਾ ਹੈ ਕਿਉਂਕਿ ਉਹ ਭਿੰਡਰਾਂਵਾਲੇ ਦੇ ਕਾਫੀ ਨਜ਼ਦੀਕ ਹੈ। ਕੇਂਦਰ ਅਕਾਲੀ ਦਲ ਦੇ ਦੋਹਾਂ ਗਰੁਪਾਂ ਖਾਸ ਕਰਕੇ ਟੌਹੜਾ ਜੋ ਕਿ ਅਕਾਲੀ ਰਾਜਨੀਤੀ ਤੇ ਕਾਫੀ ਪ੍ਰਭਾਵਸ਼ਾਲੀ ਹੈ, ਨਾਲ ਸਿਝਨ ਦਾ ਜਤਨ ਕਰ ਰਹੀ ਹੈ।

## ਆਸਾਮ — ਬੰਗਲਾ ਦੇਸ਼ ਸਰਹੱਦ ਉਪਰ ਗੋਲੀ ਚੱਲੀ

ਨਵੀਂ ਦਿੱਲੀ — ਆਸਾਮ — ਬੰਗਲਾ ਦੇਸ਼ ਦੇ ਸਰਹੱਦ ਉਪਰ ਨਾਜ਼ਾਇਜ ਤੌਰ ਦੇ ਸ਼ਰਨਾਰਥੀਆਂ ਦੇ ਦਾਖਲੇ ਨੂੰ ਰੋਕਣ ਲਈ ਲਗਾਈ ਜਾ ਰਹੀ ਕੰਢੇਦਾਰ ਤਾਰ ਲਗਾਉਣ ਦੀ ਵਿਰੋਧਤਾ ਕਾਰਨ ਬੰਗਲਾ ਦੇਸ਼ ਦੀ ਪੁਲੀਸ ਨੇ ਗੋਲੀ ਚਲਾਈ। ਦੋਹਾਂ ਪਾਸਿਆਂ ਤੋਂ ਕਾਫੀ ਦੇਰ ਤਕ ਗੋਲੀ ਚਲਣ ਦੇ ਸਮਾਚਾਰ ਮਿਲੇ ਹਨ।

## ਹੋਸਟਲ ਵਿਚ ਬੰਬ ਧਮਾਕਾ

ਨਵੀਂ ਦਿੱਲੀ — ਲਾਹੌਰ ਵਿਚ ਪੰਜਾਬ ਯੂਨੀਵਰਸਿਟੀ ਦੇ ਇਕ ਹੋਸਟਲ ਦੇ ਕਮਰੇ ਵਿਚ ਭਾਰੀ ਬੰਬ ਧਮਾਕਾ ਹੋਇਆ। ਰੇਡੀਓ ਪਾਕਿਸਤਾਨ ਅਨੁਸਾਰ ਇਹ ਧਮਾਕਾ ਉਦੋਂ ਹੋਇਆ ਜਦੋਂ ਦੋ ਵਿਦਿਆਰਥੀ ਗੋਲਾ ਬਾਰੂਦ ਛੁਪਾਉਣ ਦੀ ਕੋਸ਼ਿਸ਼ ਵਿਚ ਸਨ। ਬੰਬ ਧਮਾਕੇ ਵਿਚ ਦੋ ਵਿਦਿਆਰਥੀ ਗੰਭੀਰ ਜ਼ਖਮੀ ਹੋ ਗਏ ਹਨ।

## ਸਾਨੂੰ ਪਸਤੌਲ ਖਰੀਦਣ ਲਈ ਪੈਸੇ ਦਿਤੇ ਗਏ

ਨਵੀਂ ਦਿੱਲੀ — ਪੰਜਾਬ, ਦਿੱਲੀ ਅਤੇ ਜੰਮੂ ਦੀ ਪੁਲੀਸ ਵਲੋਂ ਗ੍ਰਿਫਤਾਰ ਕੀਤੇ ਕੁਝ ਸਿਖ ਅਤਿਵਾਦੀਆਂ ਨੇ ਪੁਛ ਗਿੱਛ ਸਮੇਂ ਇਹ ਇਕਬਾਲ ਕੀਤਾ ਹੈ ਕਿ ਉਹਨਾ ਦੇ ਸਬੰਧ ਸ੍ਰੀ ਦਰਬਾਰ ਸਾਹਿਬ ਅਤੇ ਖਾਸ ਕਰਕੇ ਸੰਤ ਭਿੰਡਰਾਂਵਾਲੇ ਨਾਲ ਹਨ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨਾਲ ਵੀ ਉਹਨਾਂ ਦਾ ਸੰਪਰਕ ਹੈ। ਉਨ੍ਹਾਂ ਵਿਚੋਂ ਇਕ ਜਿਸ ਉਪਰ ਲੁਧਿਆਣੇ ਵਿਚ ਕੀਤੇ ਗਏ ਦੋ ਕਤਲਾਂ ਦਾ ਦੋਸ਼ ਹੈ ਨੇ ਇਕਬਾਲ ਕੀਤਾ ਕਿ ਉਸ ਨੇ ਇਹ ਕਤਲ ਸੰਤ ਭਿੰਡਰਾਂਵਾਲੇ ਦੇ ਆਦੇਸ਼ ਤੇ ਕੀਤੇ ਸਨ। ਉਸ ਨੇ ਅੱਗੇ ਕਿਹਾ ਕਿ ਸੰਤ ਨੇ ਉਸਨੂੰ ਰੀਵਾਲਵਰ ਖ੍ਰੀਦਣ ਲਈ ਪੈਸੇ ਵੀ ਦਿਤੇ ਸਨ ਜਦੋਂ ਦਰਬਾਰ ਸਾਹਿਬ ਦੇ ਇਹਾਤੇ ਵਿਚ ਸੀ। ਉਨ੍ਹਾਂ ਵਿਚੋਂ ਇਕ ਹੋਰ ਨੇ ਇਹ ਵੀ ਇਕਬਾਲ ਕੀਤਾ ਕਿ ਦਰਬਾਰ ਸਾਹਿਬ ਦੇ ਇਹਾਤੇ ਵਿਚੋਂ ਉਸ ਨੇ ਪਿਛਲੇ ਇਕ ਸਾਲ ਤੋਂ ਵਧ ਸਮੇਂ ਵਿਚ ਮੰਦਰਾਂ ਦੀ ਬੇਹੁਰਮਤੀ ਦੀਆਂ ਕਾਰਵਾਈਆਂ ਵੀ ਕੀਤੀਆਂ ਹਨ। ਇਸ ਵਿਅਕਤੀ ਉਪਰ ਕਈ ਕਤਲਾਂ ਅਤੇ ਡਕੈਤੀਆਂ ਦਾ ਦੋਸ਼ ਹੈ। ਦਿੱਲੀ ਵਿਚ ਡਕੈਤੀਆਂ ਦੇ ਇਕ ਹੋਰ ਅਪਰਾਧੀ ਨੇ ਮੰਨਿਆ ਹੈ ਕਿ ਉਹ ਬਹੁਤ ਵੇਰ ਸੰਤ ਭਿੰਡਰਾਂਵਾਲੇ ਨੂੰ ਮਿਲਿਆ ਹੈ ਜਿਸ ਨੇ ਉਸ ਨੂੰ ਅਤੇ ਉਸਦੇ ਦੋ ਹੋਰ ਸਾਥੀਆਂ ਨੂੰ ਪੰਜਾਬ ਪੁਲੀਸ ਦੇ ਇਕ ਸਿਪਾਹੀ ਦੇ ਕਤਲ ਦੇ ਆਦੇਸ਼ ਦਿਤੇ। ਉਸ ਨੇ ਕਿਹਾ ਕਿ ਉਸਨੂੰ ਹਥਿਆਰਾਂ ਦੀ ਸਿਖਿਆ ਵੀ ਗੁਰੂ ਰਾਮ ਦਾਸ ਸਰਾਂ ਵਿਚ ਹੀ ਦਿਤੀ ਗਈ ਸੀ ਅਤੇ ਉਸ ਨੂੰ ਨਾਨਕ ਨਿਵਾਸ ਵਿਚ ਹਥਿਆਰਾਂ ਦੇ ਭੰਡਾਰ ਦਾ ਵੀ ਪਤਾ ਹੈ। ਉਸਨੂੰ ਕਪੂਰਥਲਾ ਜ਼ਿਲੇ ਵਿਚ ਬੱਸ ਵਿਚੋਂ ਕੱਢ ਕੇ ਮਾਰੇ ਗਏ ਹਿੰਦੂਆਂ ਦੇ ਕਤਲ ਬਾਰੇ ਵੀ ਪਤਾ ਹੈ।

## ਪਾਕ ਸ਼ਿਮਲਾ ਸਮਝੌਤੇ ਤੋਂ ਪਿਛੇ ਹਟ ਰਿਹਾ ਹੈ — ਇੰਦਰਾ

ਦੋਹਾ(ਕਤਰ) — ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੋਸ਼ ਲਾਇਆ ਹੈ ਕਿ ਪਾਕਿਸਤਾਨ ਸ਼ਿਮਲਾ ਸਮਝੌਤੇ ਤੋਂ ਪਿਛੇ ਹਟ ਰਿਹਾ ਹੈ।

ਇਕ ਰੋਜ਼ਾਨਾ ਅਰਬੀ ਅਖਬਾਰ 'ਅਰੱਯਾ' ਨਾਲ ਇਕ ਇੰਟਰਵੀਊ ਵਿਚ ਸ਼੍ਰੀਮਤੀ ਗਾਂਧੀ ਨੇ ਕਿਹਾ ਕਿ ਪਾਕਿਸਤਾਨ ਵਲੋਂ ਅੰਨ੍ਹੇਵਾਹ ਹਥਿਆਰ ਇਕੱਠੇ ਕਰਨ ਉਤੇ ਹਿੰਦ ਚਿੰਤਤ ਹੈ।

ਇਕ ਗੁਆਂਢੀ ਦੇਸ਼ ਵਿਚ ਹਥਿਆਰ ਅਤੇ ਬਾਰੂਦ ਆਉਣ ਉਤੇ ਚਿੰਤਾ ਪ੍ਰਗਟ ਕਰਨਾ ਸਾਡਾ ਹੱਕ ਹੈ ਕਿਉਂਕਿ ਪਿਛਲਾ ਤਜਰਬਾ ਦਸਦਾ ਹੈ ਕਿ ਇਹ ਸਾਡੇ ਵਿਰੁਧ ਹੀ ਵਰਤ ਹੁੰਦੇ ਹਨ'।

## ਦਿਨੇ ਨੇਤਾ ਰਾਤੀਂ ਡਾਕੂ!

ਮੇਰਠ — ਇਥੋਂ 50 ਕਿਲੋ ਮੀਟਰ ਦੂਰ ਕਸਬਾ ਬੜੌਤ ਵਿਚ ਪੁਲੀਸ ਨੇ ਦੋ ਖੱਦਰਧਾਰੀ ਡਕੈਤਾਂ ਨੂੰ ਗ੍ਰਿਫਤਾਰ ਕੀਤਾ ਹੈ। ਇਹਨਾ ਦੇ ਤਿੰਨ ਹੋਰ ਸਾਥੀ ਨੱਠ ਜਾਣ ਵਿਚ ਸਫਲ ਹੋ ਗਏ।

ਗ੍ਰਿਫਤਾਰ ਹੋਏ ਵਿਅਕਤੀਆਂ ਨੇ ਦਸਿਆ ਹੈ ਕਿ ਉਹ ਦਿਨ ਨੂੰ ਨੇਤਾ ਗਿਰੀ ਕਰਦੇ ਅਤੇ ਰਾਤ ਨੂੰ ਡਾਕੇ ਅਤੇ ਲੁੱਟ ਮਾਰ ਕਰਦੇ ਹਨ।

## ਦੋ ਬੰਦੂਕਾਂ ਬਰਾਮਦ

ਫੀਰੋਜ਼ਪੁਰ,

ਸੀ. ਆਰ. ਪੀ. ਦੇ ਡੀ. ਐਸ. ਪੀ. ਅਮਰ ਸਿੰਘ ਰਾਣਾ ਨੇ ਬੀਤੀ ਰਾਤ ਇਕ ਟਰੱਕ ਉਤੇ ਸਵਾਰ ਚਾਰ ਨਿਹੰਗਾਂ ਤੋਂ ਦੋ ਬੰਦੂਕਾਂ ਬਰਾਮਦ ਕੀਤੀਆਂ ਜਿਹਨਾਂ ਵਿਚ ਇਕ ਪੁਲਸ ਦੀ ਲਾਇਸੰਸੀ 12 ਬੋਰ ਦੀ ਬੰਦੂਕ ਵੀ ਸੀ. ਇਹ ਬੰਦੂਕਾਂ ਊਧਮ ਸਿੰਘ ਚੌਕ ਤੋਂ ਬਰਾਮਦ ਹੋਈਆਂ, ਨਿਹੰਗਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ.

## ਠੀਕਰੀ ਪਹਿਰਾ

ਲੁਧਿਆਣਾ, —ਜ਼ਿਲਾ ਮਜਿਸਟਰੇਟ ਸ੍ਰੀ ਕੇ. ਆਰ. ਲਖਨ ਪਾਲ ਨੇ ਜ਼ਿਲਾ ਭਰ ਵਿਚ ਸਰੇ ਮਹਤਵਪੂਰਨ ਟਿਕਾਣਿਆਂ ਤੇ 24 ਘੰਟੇ ਠੀਕਰੀ ਪਹਿਰੇ ਦੇ ਹੁਕਮ ਦਿਤੇ ਹਨ ਜੋ ਕਿ ਤੁਰੰਤ ਹੀ ਲਾਗੂ ਹੋ ਗਏ ਹਨ.


DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

**PAUL'S**

**PLUMBING & ELECTRICAL SUPPLY**



4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS



**Y.F. Chong & Co.**

#1 - 862 E. Broadway, Vancouver, B.C. V5T 1Y1

ACCREDITED PUBLIC ACCOUNTANTS

MON.-FRI. 8:30 - 7:00 P.M.
SAT. 9:30 - 4:00 P.M.

PERSONAL & CORPORATE INCOME TAX RETURNS

ਕੇਵਲ 18 ਡਾਲਰ ਵਿਚ ਆਪਣੇ ਟੈਕਸ ਦੇ ਫਾਰਮ ਭਰਵਾਉਣ ਲਈ ਮਿਲੋ।

TELEPHONE : 875-6918



**SUNSET PRINTING LTD.**

4277 Fraser Street, Vancouver, B.C. V5V 4G1

(604)874-2023

- Bus. Cards
- Envelopes
- Letterheads
- Numbering
- Flyers
- NCR Forms
- Crash Imprints
- Work Orders
- ਬਿਜ਼ਨਿਸ ਕਾਰਡ
- ਲਿਫਾਫੇ
- ਲੈਟਰਹੈੱਡਜ
- ਨੰਬਰਿੰਗ
- ਇਸ਼ਤਿਹਾਰ
- ਐਨ. ਸੀ. ਆਰ. ਫਾਰਮ
- ਕਰੈਸ਼ ਇੰਪਰੈਂਟਜ਼
- ਵਰਕ ਆਰਡਰ

# ਸਾ ਹਿ ਤ ਦ ਰ ਪ ਣ

## ਕਹਾਣੀ

# ਕੀ ਜਾਣਾਂ ਮੈਂ ਕੌਣ !

ਗੁਰਬਚਨ ਸਿੰਘ ਭੁੱਲਰ

"ਜਦੋਂ ਕਿਸੇ ਨੇ ਤੈਨੂੰ ਮਾਰਿਆ, ਮੈਂ ਤੇਰੇ ਨਾਂ ਬਹੁਤ ਵਧੀਆ ਸ਼ਰਧਾਂਜਲੀ ਲਿਖਾਂਗਾ, ਜਜ਼ਬਾਤੀ, ਸਭ ਨੂੰ ਰੁਆ ਦੇਣ ਵਾਲੀ," ਸਾਡੇ ਵਿਚਕਾਰ ਹੁੰਦੀਆਂ ਰਹੀਆਂ ਪੰਜਾਬ ਦੀ ਹਾਲਤ ਦੀਆਂ ਦਿਲ-ਦੁਖਾਵੀਆਂ ਗੱਲਾਂ ਨੂੰ ਲਾਂਭੇ ਹਟਾਉਣ ਲਈ ਮੈਂ ਸ਼ਾਮੇ ਨੂੰ ਆਖਿਆ।

"ਠੀਕ ਐ। ਤੂੰ ਉਸ ਵਿਚ ਮੈਨੂੰ ਸਰੇਸ਼ਟ ਲਿਖੀਂ — ਸਾਡਾ ਸਰੇਸ਼ਟ ਸਾਹਿਤਕਾਰ, ਪੰਜਾਬੀ ਦਾ ਸਰੇਸ਼ਟ ਗਲਪਕਾਰ, ਸ਼ਾਮ ਸਰੂਪ !" ਸ਼ਾਮੇ ਨੇ ਜਵਾਬ ਦਿਤਾ।

ਤੇ ਸਾਡਾ ਦੋਵਾਂ ਦਾ ਖਿੜ-ਖਿੜ ਹਾਸਾ ਨਿਕਲ ਗਿਆ।

"ਕਿਹੋ ਜਿਹੀਆਂ ਚੰਦਰੀਆਂ ਗੱਲਾਂ ਕਰਦੇ ਹੋ ਤੁਸੀਂ", ਫੁਲਕਾ ਦੇਣ ਆਈ ਮੇਰੀ ਪਤਨੀ ਨੇ ਝਿੜਕਦੇ ਬੋਲਾਂ ਨਾਲ ਦੋਵਾਂ ਨੂੰ ਸਾਂਝਾ ਜਿਹਾ ਆਖਿਆ। "ਜੇ ਇਕ ਨੂੰ ਝਰੀਟ ਵੀ ਆ ਗਈ, ਦੂਜੇ ਤੋਂ ਸਹੀ ਨਹੀਂ ਜਾਣੀ। ਕੋਈ ਹੋਰ ਗੱਲ ਨਹੀਂ ਕੀਤੀ ਜਾਂਦੀ ?"

ਪਰ ਅਸੀਂ ਉਹਦੀ ਗੱਲ ਅਣਸੁਣੀ ਕਰ ਕੇ ਮੂੰਹਾਂ ਵਿਚ ਅਧ-ਚੱਬੀਆਂ ਬੁਰਕੀਆਂ ਨਾਲ ਹਸਦੇ ਰਹੇ।

ਅਚਾਨਕ ਹਾਸਾ ਰੋਕ ਕੇ ਸ਼ਾਮਾ ਬੋਲਿਆ, "ਉਹ ਘਟਨਾ ਯਾਦ ਹੈ ਨਾ ਤੇਰੇ, ਜਦੋਂ ਦਸਰਥ ਨੂੰ ਕੁੱਟ ਪਈ ਸੀ।"

ਤੇ ਸਾਡਾ ਮੱਠਾ ਪਿਆ ਹਾਸਾ ਇਕ ਵਾਰ ਫੇਰ ਗੂੰਜ ਪਿਆ। ਮੇਰੀ ਪਤਨੀ ਹੁਣ ਸਾਨੂੰ ਕੁਝ ਕਹਿਣ ਦੀ ਥਾਂ ਆਪਣੇ ਆਪ ਨੂੰ ਇਹ ਕਹਿੰਦਿਆਂ ਰਸੋਈ ਵਿਚ ਮੁੜ ਗਈ, "ਆਬਦੀ ਮੌਜ ਵਿਚ ਹੁਣ ਨਹੀਂ ਦੋਵਾਂ ਨੂੰ ਦੀਨ-ਦੁਨੀਆ ਦੀ ਕੋਈ ਖ਼ਬਰ।"

ਸ਼ਾਮਾ ਬਹੁਤ ਸਾਲ ਪਹਿਲਾਂ ਦੀ ਘਟਨਾ ਦੁਹਰਾਉਣ ਲੱਗ ਪਿਆ, ਜਦੋਂ ਦਸਰਥ ਨੂੰ ਦੋ ਹੋਰ ਪੰਜਾਬੀ ਕਵੀਆਂ ਨੇ ਕਾਫ਼ੀ ਹਾਊਸ ਵਿਚ ਕੁਟਿਆ ਸੀ ਅਤੇ ਮਗਰੋਂ ਆਪ ਹੀ ਇਕ ਸਥਾਨਕ ਅਖ਼ਬਾਰ ਨੂੰ ਖ਼ਬਰ ਬਣਾ ਕੇ ਦੇ ਦਿਤੀ ਸੀ। ਕਨਸੋਅ ਲੱਗਣ ਉਤੇ ਦਸਰਥ ਨੇ ਖ਼ਬਰ ਰੁਕਵਾਉਣੀ ਚਾਹੀ ਤਾਂ ਸੰਪਾਦਕ ਨੇ ਇਹ ਆਖ ਕੇ ਇਨਕਾਰ ਕਰ ਦਿਤਾ ਕਿ ਜਦੋਂ ਕਿਸੇ ਲੇਖਕ ਨੂੰ ਦੂਜੇ ਲੇਖਕ ਕੁੱਟਣ, ਛਾਪਣ ਲਈ ਇਹਤੋਂ ਕਰਾਰੀ ਖ਼ਬਰ ਹੋਰ ਕੀ ਹੋਵੇਗੀ ! ਅੰਤ ਨੂੰ ਸੋਚ-ਸੋਚ ਕੇ ਦਸਰਥ ਬੋਲਿਆ, "ਠੀਕ ਹੈ, ਤੁਸੀਂ ਖ਼ਬਰ ਛਾਪੋ, ਮੋਟੇ ਅੱਖਰਾਂ ਵਿਚ ਛਾਪੋ, ਪਰ ਮੇਰੇ ਨਾਂ ਨਾਲ ਸਰੇਸ਼ਟ ਕਵੀ ਲਿਖ ਦਿਉ !"

ਸ਼ਾਮਾ ਸਾਡੀ ਵੱਖ-ਵੱਖ ਪਰਸੰਗਾਂ ਵਿਚ ਅਨੇਕ ਵਾਰ ਦੁਹਰਾਈ ਹੋਈ ਇਹ ਗੱਲ ਇਕ ਵਾਰ ਫੇਰ ਯਾਦ ਕਰਵਾ ਕੇ ਬੋਲਿਆ, "ਸੋ ਤੂੰ ਸ਼ਰਧਾਂਜਲੀ ਵਿਚ ਮੈਨੂੰ ਸਾਡਾ ਸਰੇਸ਼ਟ ਸਾਹਿਤਕਾਰ, ਪੰਜਾਬੀ ਦਾ ਸਰੇਸ਼ਟ ਗਲਪਕਾਰ ਸ਼ਾਮ ਸਰੂਪ ਲਿਖੀਂ।"

ਉਹ ਥੋੜ੍ਹਾ ਚਿਰ ਪਹਿਲਾਂ ਪੰਜਾਬ ਤੋਂ ਆਇਆ ਸੀ। ਇਥੇ ਸਾਡਾ ਦਿੱਲੀ ਵਾਲਿਆਂ ਦਾ ਪੰਜਾਬ ਦੀਆਂ ਰੋਜ਼ਾਨਾ ਘਟਨਾਵਾਂ ਬਾਰੇ ਜਾਨਣ ਦਾ ਸਾਧਨ ਆਮ ਕਰ ਕੇ ਅਖੌਤੀ ਕੌਮੀ ਅਖ਼ਬਾਰ ਸਨ। ਉਹ ਆਪਣੀ ਆਪਣੀ ਉਲਾਰਤਾ ਅਨੁਸਾਰ ਰਾਈ ਨੂੰ ਪਹਾੜ ਅਤੇ ਪਹਾੜ ਨੂੰ ਰਾਈ ਬਣਾ ਕੇ ਪੇਸ਼ ਕਰ ਰਹੇ ਸਨ। ਸ਼ਾਮਾ ਆਇਆ ਤਾਂ ਅਸੀਂ ਮੱਥੇ ਘੁੱਟ ਕੇ ਪੰਜਾਬ ਦੀਆਂ ਗੱਲਾਂ ਕਰਦੇ ਰਹੇ। ਤੇ ਜਦੋਂ ਰੋਟੀ ਦੀ ਆਵਾਜ਼ ਪਈ, ਅਸੀਂ ਮੱਥੇ ਦੀ ਇਹੋ ਪੀੜ ਲੈ ਕੇ ਮੇਜ਼ ਉਤੇ ਜਾ ਬੈਠੇ। ਪਰ ਇਹ ਸਭ ਕੁਝ ਬਹੁਤ ਬੋਝਲ ਸੀ ਅਤੇ ਗਲ ਵਿਚ ਗੋਲਾ ਜਿਹਾ ਬਣ ਕੇ ਅਟਕਿਆ ਹੋਇਆ ਸੀ, ਜਿਥੋਂ ਬੁਰਕੀ ਲੰਘਣੀ ਵੀ ਔਖੀ ਲਗਦੀ ਸੀ। ਮੈਂ ਗੱਲ ਬਦਲਣ ਲਈ ਜਾਣ-ਬੁੱਝ ਕੇ ਸ਼ਾਮੇ ਦੀ ਸ਼ਰਧਾਂਜਲੀ ਵਾਲੀ ਗੱਲ ਛੇੜ ਦਿਤੀ।

ਸ਼ਾਮੇ ਨਾਲ ਮੇਰੀ ਦੋਸਤੀ ਤੀਹ ਸਾਲ ਪੁਰਾਣੀ ਸੀ। ਪਹਿਲਾਂ ਕਾਲਜ ਵਿਚ ਇਕੱਠੇ ਅਤੇ ਫੇਰ ਸਾਹਿਤ ਦੇ ਖੇਤਰ ਵਿਚ ਇਕੱਠੇ। ਉਹ ਇਕ ਪੰਡਿਤ ਪਰਿਵਾਰ ਵਿਚੋਂ ਸੀ, ਪੱਕੇ ਹਿੰਦੂ ਮਾਂ-ਪਿਉ। ਪਰ ਸਕੂਲ ਵਿਚ ਹੀ ਉਹਨੂੰ ਪੱਗ ਬੰਨ੍ਹਣ ਦਾ ਸ਼ੌਕ ਹੋ ਗਿਆ ਸੀ। ਗੱਲ ਏਨੀਂ ਹੋਈ ਕਿ ਇਕ ਦਿਨ ਉਹਨੇ ਜੱਟਾਂ ਦੇ ਇਕ ਮੁੰਡੇ ਦੀ, ਜੋ ਬੜੀ ਸੋਹਣੀ ਪੱਗ ਬੰਨ੍ਹਦਾ ਸੀ, ਬੱਝੀ-ਬਝਾਈ ਪਗੜੀ ਆਪਣੇ ਸਿਰ ਉਤੇ ਰੱਖ ਲਈ। ਉਹਦੇ ਗੋਲ-ਮਟੋਲ ਚਿਹਰੇ ਉਤੇ ਉਹ ਏਨੀਂ ਜਚੀ ਕਿ ਸਾਰੇ ਮੁੰਡੇ ਇਕ-ਜ਼ਬਾਨ ਹੋ ਕੇ ਬੋਲੇ, "ਸ਼ਾਮਿਆਂ, ਤੂੰ ਪੱਗ ਬੰਨ੍ਹਿਆ ਕਰ ਉਇ, ਬਹੁਤ ਜਚਦੀ ਐ ਤੇਰੇ ਤਾਂ।"

ਤੇ ਉਹ ਪੱਗ ਬੰਨ੍ਹਣ ਲੱਗ ਪਿਆ। ਕਈ ਸਾਲ ਮਗਰੋਂ ਜਦੋਂ ਉਹਦੇ ਚਿਹਰੇ ਉਤੇ ਦਾੜ੍ਹੀ ਦਾ ਹਾਸ਼ੀਆ ਲਗਿਆ, ਪੱਗ ਹੋਰ ਵੀ ਸਜ ਉਠੀ। ਨਾ ਉਹਨੇ ਨਾਂ ਬਦਲਿਆ, ਨਾ ਧਰਮ ਬਦਲਿਆ, ਬੱਸ ਕੇਸ ਰੱਖ ਲਏ ਅਤੇ ਪੱਗ ਸਜਾ ਲਈ। ਦੇਖਣ ਵਿਚ ਉਹ ਸਰਦਾਰਾਂ ਦਾ ਕਾਕਾ ਲਗਦਾ।

ਦੁਬਾਰਾ ਫੁਲਕਾ ਦੇਣ ਆਈ ਮੇਰੀ ਪਤਨੀ ਬੋਲੀ, "ਬੱਸ, ਹੁਣ ਬਹੁਤ ਹਾਸਾ ਹੋ ਗਿਆ, ਚੈਨ ਨਾਲ ਰੋਟੀ ਖਾ ਲਉ !" ਸ਼ਾਇਦ ਉਹਨੂੰ ਇਹ ਮੌਤ ਦੀਆਂ, ਸ਼ਰਧਾਂਜਲੀਆਂ ਦੀਆਂ ਗੱਲਾਂ ਹਾਸੇ-ਠੱਠੇ ਵਿਚ ਵੀ ਚੰਗੀਆਂ ਨਹੀਂ ਸਨ ਲੱਗ ਰਹੀਆਂ।

ਪਰ ਮੈਂ ਜਵਾਬ ਦਿਤਾ, "ਇਹਨੇ ਤਾਂ ਮਰਨਾ ਹੀ ਮਰਨਾ। ਦੇਖ ਸਭ ਨੂੰ ਪਤਾ ਹੈ ਕਿ ਇਹ ਹਿੰਦੂ ਐ। ਪੱਗ-ਦਾੜ੍ਹੀ ਤਾਂ ਐਵੇਂ ਇਹਦਾ ਸ਼ੌਕ ਐ। ਜੇ ਏਸ ਭੇਖੀ ਹਿੰਦੂ ਨੂੰ ਕੋਈ ਸਿੱਖ ਨਹੀਂ ਮਾਰੂ, ਤਾਂ ਇਹਦੀ ਸ਼ਕਲ ਕਾਰਨ ਕੋਈ ਧਰਮ-ਰਖ਼ਸ਼ਕ, ਰਾਸ਼ਟਰ-ਰਖ਼ਸ਼ਕ ਹਿੰਦੂ ਮਾਰ ਦੇਊ !"

"ਹਾਂ ਯਾਰ, ਮੈਂ ਤਾਂ ਦੋਵਾਂ ਪਾਸਿਆਂ ਤੋਂ ਗਿਆ", ਸ਼ਾਮੇ ਨੇ ਹਾਮੀ ਭਰੀ।

ਮੈਂ ਗੱਲ ਮੁਕਾਈ, "ਇਹਨੇ ਤਾਂ ਮਰਨਾ ਹੀ ਮਰਨਾ !"

ਸ਼ਾਮਾ ਬੋਲਿਆ, "ਮੈਂ, ਯਾਨੀ ਸਾਡੇ ਸਰੇਸ਼ਟ ਸਾਹਿਤ-ਕਾਰ, ਪੰਜਾਬੀ ਦੇ ਸਰੇਸ਼ਟ ਗਲਪਕਾਰ ਸ਼ਾਮ ਸਰੂਪ ਨੇ ਤਾਂ ਮਰਨਾ ਹੀ ਮਰਨਾ !"

ਅਸੀਂ ਫੇਰ ਖਿੜ-ਖਿੜ ਹੱਸ ਪਏ। ਤੇ ਮੇਰੀ ਪਤਨੀ ਫੇਰ ਇਹ ਕਹਿੰਦੀ ਹੋਈ ਮੁੜ ਗਈ, "ਹੁਣ ਤਾਂ ਦੋਵਾਂ ਨੂੰ ਕੁਛ ਵੀ ਕਹਿਣਾ ਫ਼ਜ਼ੂਲ ਐ।"

ਮੇਰੀ ਅਤੇ ਸ਼ਾਮੇ ਦੀ ਦੋਸਤੀ ਪਟਿਆਲੇ ਕਾਲਜ ਵਿਚ ਪੜ੍ਹਦਿਆਂ ਹੋਈ ਸੀ। ਉਥੇ ਸਾਡਾ ਤੀਜਾ ਯਾਰ ਪਰਮਜੀਤ ਸੀ, ਪੰਮੀ। ਸਾਡੀ ਤਿਕੜੀ ਉਤੇ ਲੋਕ ਰਸ਼ਕ ਕਰਦੇ। ਅਸੀਂ "ਤੀਜਾ ਰਲਿਆ, ਕੰਮ ਗਲਿਆ" ਦੀ ਕਹਾਵਤ ਗ਼ਲਤ ਸਿੱਧ ਕਰ ਦਿਤੀ ਸੀ। ਮੇਰੀ ਪਤਨੀ ਠੀਕ ਕਹਿੰਦੀ ਸੀ ਕਿ ਇਕ ਦੇ ਆਈ ਝਰੀਟ ਵੀ ਦੂਜੇ ਤੋਂ ਸਹੀ ਨਹੀਂ ਸੀ ਜਾਂਦੀ। ਪਰ ਕੋਈ ਆਖਣ ਨਾਲ ਮਰ ਥੋੜ੍ਹੋ ਜਾਂਦਾ ਹੈ ! ਇਸੇ ਕਰਕੇ ਅਗਲੀ ਸਵੇਰ ਸ਼ਾਮੇ ਨੂੰ ਤੋਰਨ ਲਗਿਆਂ ਮੈਂ ਆਪਣੇ ਅੰਦਰਲੇ ਭੈ ਵਿਚੋਂ ਉੱਠੀ ਚਿਤਾਵਨੀ ਵਿਚ ਵੀ ਉਹੋ ਟਿੱਚਰੀ ਰੰਗ ਰਲਾ ਦਿਤਾ, "ਵੇਲੇ-ਕੁਵੇਲੇ ਬਚ ਕੇ ਰਿਹਾ ਕਰ ਉਇ ਵਡਿਆ ਸਰੇਸ਼ਟ ਸਾਹਿਤਕਾਰਾ !"

ਉਸੇ ਸ਼ਾਮ ਪੰਮੀ ਦਾ ਫ਼ੋਨ ਆ ਗਿਆ। ਉਹ ਵੀ ਸਵੇਰੇ ਹੀ ਦਿੱਲੀ ਤੋਂ ਗਿਆ ਸੀ ਅਤੇ ਕੱਲ੍ਹ ਇਥੇ ਹੀ ਸੀ।

"ਹੈਹ ਤੇਰੀ, ਤੂੰ ਕਿਥੇ ਮਰਿਆ ਰਿਹਾ ? ਰਾਤ ਸ਼ਾਮਾ ਵੀ ਇਥੇ ਸੀ। ਜੇ ਤੂੰ ਆ ਜਾਂਦਾ, ਰੰਗ ਬੱਝ ਜਾਂਦਾ", ਮੈਂ ਦੱਸਿਆ।

"ਫੁੱਟ ਗਈ ਕਿਸਮਤ ! ਮੈਂ ਤਾਂ ਕੰਮ ਵਿਚ ਅਜਿਹਾ ਉਲਝਿਆ, ਚਾਹੁੰਦਾ ਹੋਇਆ ਵੀ ਤੇਰੇ ਕੋਲ ਆ ਨਾ ਸਕਿਆ। ਜੇ ਪਤਾ ਹੁੰਦਾ, ਸ਼ਾਮਾ ਵੀ ਆਇਆ ਹੋਇਐ, ਮੈਂ ਸਭ ਕੁਝ ਛੱਡ-ਛੁਡਾ ਕੇ ਆ ਜਾਂਦਾ", ਪੰਮੀ ਪਛਤਾਇਆ।

"ਅਸੀਂ ਅੱਧੀ ਰਾਤ ਤੱਕ ਤੈਨੂੰ ਯਾਦ ਕਰਦੇ ਰਹੇ। ਗੱਲਾਂ ਵਿਚ ਮੁੜ-ਮੁੜ ਤੇਰਾ ਜ਼ਿਕਰ ਆ ਜਾਂਦਾ।" ਮੈਨੂੰ ਝੋਰਾ ਸੀ ਕਿ ਉਹਦੇ ਦਿੱਲੀ ਹੋਣ ਦੇ ਬਾਵਜੂਦ ਵੀ ਸਾਡੀ ਤਿਕੜੀ ਦੋ ਥਾਂਈਂ ਵੰਡੀ ਰਹੀ।

"ਮੈਂ ਤਾਂ ਅੱਜ ਪੱਕੀਆਂ ਯਾਦਾਂ ਹੀ ਦੇ ਚਲਿਆ ਸੀ, ਬੱਸ ਕੁਦਰਤ ਨੇ ਰੱਖ ਲਿਆ", ਉਹ ਇਕਦਮ ਗੰਭੀਰ ਹੋ ਗਿਆ।

ਜੋ ਕੁਝ ਉਹਨੇ ਦੱਸਿਆ, ਉਸ ਉਤੇ ਸੱਚ ਨਹੀਂ ਸੀ ਆ ਰਿਹਾ। ਹਰਿਆਣੇ ਵਿਚ ਬੱਸਾਂ ਅਚਾਨਕ ਰੋਕ ਲਈਆਂ ਗਈਆਂ ਸਨ। ਪਿੰਡਾਂ ਦੇ ਲੋਕ ਟਰੱਕਾਂ-ਟਰੈਕਟਰਾਂ ਉਤੇ ਲਿਆਂਦੇ ਗਏ ਸਨ। ਉਹ ਮੇਲੇ ਜਾਣ ਵਾਂਗ ਢੋਲ ਵਜਾਉਂਦੇ ਹੋਏ ਆਏ ਸਨ ਅਤੇ ਉਹਨਾਂ ਨੇ ਸਿੱਖਾਂ ਨੂੰ ਉਤਾਰ-ਉਤਾਰ ਕੇ ਕੁਟਿਆ-ਮਾਰਿਆ ਸੀ। ਉਹ ਪੰਜਾਬ ਵਿਚ ਚੋਰੀ-ਛਿਪੇ ਮਾਰੇ ਗਏ ਲੋਕਾਂ ਦਾ ਬਦਲਾ ਦਿਨ-ਦੀਵੀਂ ਜੀ. ਟੀ ਰੋਡ ਉਤੇ ਪੁਲਿਸ ਦੀ ਛਾਂ ਹੇਠ ਲੈ ਰਹੇ ਸਨ। ਕਈ ਲੋਕ ਮਰ ਗਏ ਸਨ, ਬਹੁਤ ਸਾਰੇ ਅਧ-ਮਰੇ ਹੋ ਗਏ ਸਨ ਅਤੇ ਕਈਆਂ ਦੇ ਦਾੜ੍ਹੀਆਂ-ਸਿਰ ਮੁੰਨ ਦਿਤੇ ਗਏ ਸਨ।

"ਤੂੰ ਠੀਕ ਤਾਂ ਹੈਂ ਨਾ ?" ਮੈਂ ਬੇਚੈਨ ਹੋ ਕੇ ਪੁਛਿਆ।

"ਬੱਸ, ਮੈਂ ਬਚ ਗਿਆ। ਮੈਂ ਸਿੱਖ ਨਹੀਂ ਸੀ ਨਾ ਲਗਦਾ", ਉਹਨੇ ਅਧ-ਰੋਈ ਆਵਾਜ਼ ਵਿਚ ਕਿਹਾ।

"ਸ਼ੁਕਰ ਹੈ, ਤੂੰ ਬਚ ਗਿਆ ! ਸ਼ੁਕਰ ਹੈ, ਤੂੰ ਸਿੱਖ ਨਹੀਂ ਸੀ ਲਗਦਾ !" ਮੈਂ ਅੱਖਾਂ ਬੰਦ ਕਰਕੇ ਸੁਖ ਦਾ ਸਾਹ ਲਿਆ।

ਪੰਮੀ ਸਿੱਖ ਪਰਿਵਾਰ ਵਿਚ ਸੀ। ਲਾਡਾਂ ਨਾਲ ਪਾਲਿਆ ਪਹਿਲਵਾਨਾਂ ਵਰਗਾ ਉਹਦਾ ਸਰੀਰ ਸਾਡੇ ਕਾਲਜ ਵਿਚ ਮਸ਼ਹੂਰ ਸੀ। ਪਰ ਉਹਨੂੰ ਪੱਗ ਬੰਨ੍ਹਣ ਦੀ ਜਾਚ ਨਹੀਂ ਸੀ ਆਉਂਦੀ। ਸ਼ਾਮਾ ਹਸਦਾ, "ਸਾਡੇ ਪਿੰਡ ਵਾਲੇ ਮੁਕੰਦੇ ਝਿਉਰ ਦੀ ਪੱਗ ਐ, ਸਾਵੀਂ ਦੀ ਸਾਵੀਂ।" ਪੰਮੀ ਮੁਕੰਦੇ ਝਿਉਰ ਦੇ ਨਾਂ ਉਤੇ ਬਹੁਤ ਖਿਝਦਾ ਅਤੇ ਅਸੀਂ ਦੂਗਣਾ ਛੇੜਦੇ।

ਮੈਂ ਅਤੇ ਸ਼ਾਮਾ ਉਹਨੂੰ ਪੱਗ ਦੇ ਪੇਚ ਚਿਨਣ ਦੀਆਂ ਵਿਧੀਆਂ ਦਸਦੇ। ਜਦੋਂ ਉਹ ਪੱਗ ਬੰਨ੍ਹਦਾ, ਅਸੀਂ ਕੋਲ ਖਲੋ ਕੇ ਉਹਨੂੰ ਸਿਖਾਉਂਦੇ ਕਿ ਉਹ ਇਹ ਪੇਚ ਇਥੋਂ ਦੀ ਨਹੀਂ, ਉਥੋਂ ਦੀ ਲੰਘਾਵੇ। ਉਹ ਸਾਡੇ ਕਹੇ ਅਨੁਸਾਰ ਪੇਚ ਦੀ ਥਾਂ ਬਦਲਦਾ ਰਹਿੰਦਾ। ਪਰ ਜਦੋਂ ਆਖ਼ਰੀ ਲੜ ਟੰਗ ਕੇ ਉਹ ਮੂੰਹ ਸਾਡੇ ਵੱਲ ਕਰਦਾ, ਅਸੀਂ ਹਸਦੇ, "ਉਹੋ ਮੁਕੰਦੇ ਝਿਉਰ ਵਾਲੇ ਪੇਚ !"

ਕਈ ਵਾਰ ਉਹ ਅੱਕ ਕੇ ਪੱਗ ਵਗਾਹ ਮਾਰਦਾ। ਪਰ ਆਖ਼ਰ ਉਹਨੂੰ ਬੰਨ੍ਹਣੀ ਹੀ ਪੈਂਦੀ। ਸਾਡੇ ਦੋਵਾਂ ਦੇ ਸਿਰ ਕੁਝ ਵੱਡੇ ਸਨ। ਸਾਡੀ ਬੰਨ੍ਹੀ ਹੋਈ ਪੱਗ ਰੱਖਣ ਨਾਲ ਉਹਦੇ ਸਿਰ ਉਤੇ ਉਹ ਢਿੱਲੀ-ਢਿੱਲੀ ਰਹਿੰਦੀ। ਅਸੀਂ ਦੋਵੇਂ ਆਪਣੇ ਸਿਰਾਂ ਉਤੇ ਤਾਂ ਪੱਗ ਦੇ ਪੇਚ ਚੰਗੇ ਮਿਸਤਰੀ ਦੀ ਬਣਾਈ ਬੂਹੇ ਦੀ ਨੋਕਦਾਰ ਡਾਟ ਵਾਂਗ ਚਿਣ ਸਕਦੇ ਸੀ, ਪਰ ਦੂਜੇ ਦੇ ਸਿਰ ਉਤੇ ਸਾਥੋਂ ਹੱਥ ਨਾ ਚਲਦਾ।

ਪੰਮੀ ਸਾਡੇ ਤਿੰਨਾਂ ਵਿਚੋਂ ਖ਼ੂਬਸੂਰਤ ਸੀ। ਅਸੀਂ ਉਹਨੂੰ ਛੇੜਦੇ, "ਗਭਰੂਆ, ਜੇ ਤੇਰੇ ਹੁਸੀਨ ਚਿਹਰੇ ਉਤੇ ਇਹ ਮੁਕੰਦੇ ਝਿਉਰ ਵਾਲੀ ਪੱਗ ਨਾ ਹੋਵੇ, ਕੁੜੀਆਂ ਕਾਲਜੇ ਘੁੱਟ-ਘੁੱਟ ਕੇ ਮਰ ਜਾਣ !"

"ਹੁਣ ਕੀ ਨਹੀਂ ਮਰਦੀਆਂ ?" ਉਹ ਹਿੱਕ ਤਾਣਦਾ। "ਅਜੇ ਤਾਂ ਭੂਪੀ ਦੀਆਂ ਤਾੜੀਆਂ ਦੀ ਆਵਾਜ਼ ਵੀ ਕੰਨਾਂ ਵਿਚ ਮੱਠੀ ਨਹੀਂ ਪਈ ਹੋਣੀ !"

ਭੂਪੀ ਸਾਡੀ ਜਮਾਤਣ ਸੀ। ਲੰਮੇ ਕੱਦ ਅਤੇ ਤਕੜੇ ਸਰੀਰ ਨਾਲ ਉਹ ਜਿੰਨੀ ਸੋਹਣੀ ਸੀ, ਓਨਾਂ ਹੀ ਸੋਹਣਾ ਗਾਉਂਦੀ ਸੀ। ਮੁੰਡਿਆਂ ਵਿਚੋਂ ਸਭ ਤੋਂ ਵਧੀਆ ਪੰਮੀ ਗਾਉਂਦਾ। ਕਈ ਵਾਰ ਉਹ ਮੇਰੇ ਜਾਂ ਸ਼ਾਮੇ ਦੇ ਲਿਖੇ ਗੀਤ ਗਾਉਂਦਾ। ਪਰ ਜਦੋਂ ਉਹ ਹੀਰ ਜਾਂ ਕਾਫ਼ੀਆਂ ਗਾਉਂਦਾ, ਸਰੋਤੇ ਨਸ਼ਈ ਹੋ-ਹੋ ਜਾਂਦੇ।

ਇਕ ਪਾਸੇ ਪੰਮੀ ਦੀ ਗਾਇਕ ਵਾਲੀ ਸੂਖਮਤਾ ਅਤੇ ਦੂਜੇ ਪਾਸੇ ਉਹਦਾ ਪਹਿਲਵਾਨੀ ਸ਼ੌਕ। ਸਾਡੇ ਤਿੰਨਾਂ ਵਿਚੋਂ ਜੀਹਦੇ ਵੀ ਘਰੋਂ ਘਿਉ ਆਉਂਦਾ, ਅਸੀਂ ਇਕ ਸਾਂਝੇ ਪੀਪੇ ਵਿਚ ਉਲੱਦ ਛਡਦੇ। ਅਸੀਂ, ਪੰਮੀ ਦੇ ਆਖਣ ਵਾਂਗ "ਸ਼ਾਇਰ ਲੋਕ" ਕਿੰਨਾ ਕੁ ਖਾ ਸਕਦੇ ਸੀ। ਬਹੁਤਾ ਉਹਦੇ ਕੰਮ ਹੀ ਆਉਂਦਾ। ਉਮਰ ਵਿਚ ਉਹ ਸਾਡੇ ਤਿੰਨਾਂ ਵਿਚੋਂ ਛੋਟਾ ਸੀ। ਮੈਂ ਅਤੇ ਸ਼ਾਮਾ ਵਡੇ ਭਰਾਵਾਂ ਵਾਂਗ ਉਹਨੂੰ ਘਿਉ ਖਾਂਦਾ ਅਤੇ ਸਰੀਰ ਬਣਾਉਂਦਾ ਦੇਖ ਕੇ ਤਕੜੇ ਹੋ-ਹੋ ਜਾਂਦੇ।

ਕਾਲਜ ਦੀਆਂ ਸਾਲਾਨਾ ਖੇਡਾਂ ਆਈਆਂ। ਪੰਮੀ ਨੇ ਭਾਰ ਚੁੱਕਣ ਦਾ ਇਨਾਮ ਜਿੱਤਿਆ। ਪਿੜ ਵਿਚ ਮੁੜ੍ਹਕੇ ਨਾਲ ਭਿੱਜਿਆ ਉਹਦਾ ਸਰੀਰ ਮੱਛੀ ਵਾਂਗ ਚਮਕਾਂ ਮਾਰ ਰਿਹਾ ਸੀ। ਹਰੇਕ ਗੇੜ ਵਿਚ ਜਦੋਂ ਪੰਮੀ ਪਹਿਲਾਂ ਨਾਲੋਂ ਵਧਾ ਕੇ ਭਾਰ ਚੁਕਦਾ, ਭੂਪੀ ਦੀਆਂ ਤਾੜੀਆਂ ਸਭ ਤੋਂ ਉੱਚੀਆਂ ਹੁੰਦੀਆਂ ਅਤੇ ਹਟਦੀਆਂ ਵੀ ਸਭ ਤੋਂ ਪਿਛੋਂ।

ਇਸ ਪਿਛੋਂ ਪੰਮੀ ਕਸਰਤ ਨੂੰ ਸਚਮੁੱਚ ਗੰਭੀਰਤਾ ਨਾਲ ਲੈਣ ਲਗ ਪਿਆ। ਇਕ ਦਿਨ ਜਦੋਂ ਉਹ ਬਾਜ਼ਾਰੋਂ ਪਰਤਿਆ, ਪਹਿਲੀ ਨਜ਼ਰੇ ਅਸੀਂ ਉਹਨੂੰ ਕੋਈ ਓਪਰਾ ਮੁੰਡਾ ਸਮਝਿਆ — ਹੁਲੀਆ ਬਿਲਕੁਲ ਬਦਲਿਆ ਹੋਇਆ ਅਤੇ ਪੱਗ ਪਿਛੇ ਕਰਕੇ ਲੁਕੋਈ ਹੋਈ।

ਜਦੋਂ ਉਹ ਸ਼ੀਸ਼ੇ ਅਗੇ ਖਲੋ ਕੇ ਸਾਡੀਆਂ ਉਂਗਲਾਂ ਨਾਲ ਉਲਝੇ ਹੋਏ ਆਪਣੇ ਪਟੇ ਕੰਘੀ ਨਾਲ ਸੂਤ ਕਰਨ ਲਗਿਆ, ਮੈਂ ਅਤੇ ਸ਼ਾਮੇ ਨੇ ਉਹਦੀ ਅਲਮਾਰੀ ਖੋਲ੍ਹ ਕੇ ਉਹਦੀਆਂ ਪੱਗਾਂ ਅੱਧੀਆਂ-ਅੱਧੀਆਂ ਵੰਡ ਲਈਆਂ।

ਤੇ ਅੱਜ ਇਹਨਾਂ ਪਟਿਆਂ ਕਰਕੇ ਉਹਦੀ ਜਾਨ ਬਚ ਗਈ।

ਮੇਰੇ ਦਿਲ ਵਿਚ ਅਚਾਨਕ ਹੋਲ ਉਠਿਆ — ਪਰ ਸ਼ਾਮਾ ਵੀ ਤਾਂ ਅੱਜ ਹੀ ਗਿਆ ਹੈ ਅਤੇ ਉਹਦੇ ਤਾਂ ਪੱਗ-ਦਾੜ੍ਹੀ ਹੈ।

ਸ਼ਾਮੇ ਦੇ ਘਰ ਤਾਂ ਫ਼ੋਨ ਵੀ ਨਹੀਂ ਸੀ।

ਪਮੀ ਦੇ ਸੁੱਖੀਂ-ਸਾਂਦੀਂ ਪੁੱਜਣ ਦੀ ਖ਼ੁਸ਼ੀ ਉਤੇ ਸ਼ਾਮੇ ਦੀ ਹੋਣੀ ਦੀ ਸੋਚ ਦਾ ਕਾਲਾ ਪਰਛਾਵਾਂ ਪੈ ਗਿਆ।

ਮੈਨੂੰ ਚੇਤੇ ਆਇਆ, ਇਕ ਵਾਰ ਸ਼ਾਮੇ ਨੇ ਕਿਸੇ ਗੁਆਂਢੀ ਦਾ ਫ਼ੋਨ ਨੰਬਰ ਦਿਤਾ ਸੀ। ਸ਼ੁਕਰ-ਸ਼ੁਕਰ ਕਰਕੇ ਫ਼ੋਨ ਮਿਲਿਆ ਤਾਂ ਅੱਧਾ ਦਿਲ ਪੱਛਿਆ ਗਿਆ ਅਤੇ ਅੱਧੇ ਨੇ ਸ਼ਾਂਤੀ ਮਹਿਸੂਸ ਕੀਤੀ। ਸ਼ਾਮੇ ਦਾ ਆਪਣੇ ਘਰੋਂ ਫ਼ੋਨ ਸੁਨਣ ਆਉਣਾ ਸੰਭਵ ਨਹੀਂ ਸੀ। ਗੁਆਂਢੀ ਨੇ ਦਸਿਆ ਕਿ ਉਹਨੂੰ ਬੱਸ ਤੋਂ ਸਿੱਖ ਸਮਝ ਕੇ ਲਾਹ ਲਿਆ ਗਿਆ ਸੀ। ਜਾਨ ਤਾਂ ਕਿਵੇਂ ਨਾ ਕਿਵੇਂ ਬਚ ਗਈ ਸੀ, ਪਰ ਸੱਟਾਂ ਬਹੁਤ ਸਨ। ਦੰਗੇ ਵਾਲੀ ਥਾਂ ਤੋਂ ਲੰਘਦਾ ਹੋਇਆ ਇਕ ਹਿੰਦੂ ਉਹਨੂੰ ਫੁਰਤੀ ਨਾਲ ਆਪਣੀ ਕਾਰ ਵਿਚ ਸੁੱਟ ਕੇ ਬਚਾ ਲਿਆਇਆ ਸੀ ਅਤੇ ਉਹਦੇ ਘਰ ਛੱਡ ਗਿਆ ਸੀ।

ਮੈਂ ਦਿੱਲੀ ਬੈਠਾ ਬੇਚੈਨ ਸੀ, ਸ਼ਾਮਾ ਪੰਜਾਬ ਵਿਚ ਪੋਟਾ-ਪੋਟਾ ਭੰਨਿਆ ਪਿਆ ਸੀ ਅਤੇ ਵਿਚਕਾਰ ਅੱਗ ਦਾ ਦਰਿਆ ਵਗਦਾ ਸੀ।

ਆਖ਼ਰ ਮੈਂ ਹਰਿਆਣੇ ਦਾ ਗੜਬੜ ਵਾਲਾ ਇਲਾਕਾ ਲਾਂਭੇ ਛਡਦਿਆਂ ਯੂ.ਪੀ ਵਿਚੋਂ ਦੀ ਹੋ ਕੇ ਪੰਜਾਬ ਪਹੁੰਚਣ ਵਾਸਤੇ ਰਾਤ ਦੀ ਗੱਡੀ ਫੜ ਲਈ।

ਸ਼ਾਮਾ ਪੱਟੀਆਂ ਵਿਚ ਲਪੇਟਿਆ ਪਿਆ ਸੀ। ਮੈਨੂੰ ਦੇਖ ਕੇ ਉਹ ਭੈਭੀਤ ਹੋ ਗਿਆ, "ਤੂੰ ਆ ਕਿਧਰੋਂ ਦੀ ਗਿਆ ?"

(ਬਾਕੀ ਪੰਨਾ੧ ਤੇ)

(ਪੰਨਾ 8 ਦੀ ਬਾਕੀ)

ਮੇਰੀ ਗੱਲ ਸੁਣ ਕੇ ਉਹਨੇ ਤਸੱਲੀ ਦਾ ਠੰਢਾ ਸਾਹ ਲਿਆ ਅਤੇ ਫਿੱਕਾ ਜਿਹਾ ਮੁਸਕਰਾ ਕੇ ਬੋਲਿਆ, "ਬੱਸ ਐਵੇਂ ਥੋੜ੍ਹੀ ਜਿਹੀ ਵਿੱਥ ਨਾਲ ਸ਼ਰਧਾਂਜਲੀ ਲਿਖਣ ਦਾ ਮੌਕਾ ਤੇਰੇ ਹੱਥੋਂ ਖੁੱਸ ਗਿਆ।" ਤੇ ਫੇਰ ਉਹਦੀਆਂ ਅੱਖਾਂ ਭਰ ਆਈਆਂ, "ਆਹ ਪਿਆ ਹੈ ਪੋਟਾ-ਪੋਟਾ ਭੰਨਿਆ ਤੇਰਾ ਸਰੇਸ਼ਟ ਸਾਹਿਤਕਾਰ, ਪੰਜਾਬੀ ਦਾ ਸਰੇਸ਼ਟ ਗਲਪਕਾਰ! ਤੇ ਰਾਤੀਂ ਸਾਲੇ ਰੇਡੀਓ ਵਾਲੇ ਕਹਿ ਰਹੇ ਸੀ ਕਿ ਹਰਿਆਣੇ ਵਿਚ ਕਝ ਛੁਟ-ਪੁਟ ਘਟਨਾਵਾਂ ਹੋਈਆਂ ਨੇ, ਪਰ ਕੋਈ ਮਨੁੱਖੀ ਨੁਕਸਾਨ ਨਹੀਂ ਹੋਇਆ।"

ਮੈਂ ਕੁਝ ਵੀ ਬੋਲ ਨਾ ਸਕਿਆ, ਬੱਸ ਉਹਦੇ ਹੱਥ ਉਤੇ ਹੱਥ ਰੱਖ ਕੇ ਬੈਠਾ ਰਿਹਾ।

ਕੁਝ ਗੁਬਾਰ ਅੱਖਾਂ ਰਾਹੀਂ ਨਿਕਲ ਗਿਆ ਅਤੇ ਕੁਝ ਪਾਣੀ ਨਾਲ ਅਸੀਂ ਸੰਘੋਂ ਹੇਠਾਂ ਧੱਕ ਲਿਆ।

ਮਾਹੌਲ ਦਾ ਤਣਾਉ ਕੁਝ ਢਿੱਲਾ ਕਰਨ ਲਈ ਮੈਂ ਦੱਸਿਆ, "ਕਲ੍ਹ ਪੰਮੀ ਦਾ ਫ਼ੋਨ ਆਇਆ ਸੀ। ਮੈਨੂੰ ਤਾਂ ਗੜਬੜ ਦਾ ਪਤਾ ਹੀ ਉਹਤੋਂ ਲਗਿਆ। ਉਹ ਵੀ ਤੇਰੇ ਨਾਲ ਜਿਹੇ ਹੀ ਕਿਸੇ ਸਮੇਂ ਦਿੱਲੀਉਂ ਤੁਰਿਆ ਸੀ।"

"ਫੇਰ?" ਸ਼ਾਮਾ ਚਿੰਤਾਤੁਰ ਹੋ ਗਿਆ।

"ਉਹ ਤਾਂ ਲਾਲਾ ਪੰਮੀ ਕੁਮਾਰ ਐ। ਉਹਨੂੰ ਹਰਿਆਣੇ ਵਾਲਿਆਂ ਨੇ ਕੀ ਕਹਿਣਾ ਸੀ", ਮੈਂ ਫਿੱਕੀ ਹਾਸੀ ਹੱਸਿਆ।

"ਯਾਰ, ਅਸੀਂ ਆਖ਼ਰ ਹਾਂ ਕੌਣ?" ਸ਼ਾਮਾ ਰੋਣਹਾਕੀ ਆਵਾਜ਼ ਵਿਚ ਬੋਲਿਆ, "ਮੈਨੂੰ ਹਿੰਦੂ ਨੂੰ ਦਾੜ੍ਹੀ-ਪੱਗ ਕਾਰਨ ਸਿੱਖ ਸਮਝ ਕੇ ਹਿੰਦੂਆਂ ਨੇ ਭੰਨ ਸੁਟਿਆ। ਪੰਮੀ ਨੂੰ, ਸਿੱਖ ਨੂੰ ਵਾਲ ਮੁੰਨੇ ਹੋਏ ਹੋਣ ਕਾਰਨ ਹਿੰਦੂ ਸਮਝ ਕੇ ਹਿੰਦੂਆਂ ਨੇ ਛੱਡ ਦਿਤਾ!"

"ਭਲਕੇ ਕੋਈ ਸਿੱਖ ਤੇਰਾ ਹਿੰਦੂ ਹੋਣਾ ਜਾਣ ਕੇ ਤੈਨੂੰ ਮਾਰ ਸਕਦਾ ਹੈ ਜਾਂ ਕੋਈ ਹਿੰਦੂ ਪੰਮੀ ਦਾ ਸਿੱਖ ਹੋਣਾ ਜਾਣ ਕੇ ਉਹਨੂੰ ਮਾਰ ਸਕਦਾ ਹੈ ਜਾਂ ਕੋਈ ਸਿੱਖ ਪੰਮੀ ਨੂੰ ਹਿੰਦੂ ਸਮਝ ਸਕਦਾ ਹੈ। ਸਚਮੁਚ ਹੀ ਅਸੀਂ ਹਾਂ ਕੌਣ?" ਮੇਰਾ ਦਿਮਾਗ਼ ਜਿਵੇਂ ਗੋਤੇ ਖਾਣ ਲਗਿਆ ਸੀ।

"ਤੁਰੇ ਤਾਂ ਹਿੰਦੂ ਜਾਂ ਸਿੱਖ ਹੋਣ ਦੀ ਥਾਂ ਮਨੁੱਖ ਬਨਣ ਸੀ। ਪਰ ਲਗਦਾ ਹੈ, ਕਿਤੇ ਸਭ ਕੁਝ ਵਿਗੜ ਗਿਆ", ਸ਼ਾਮੇ ਨੇ ਹਉਕਾ ਲਿਆ। "ਸ਼ੁਕਰ ਹੈ, ਪੰਮੀ ਦੇ ਪਟੇ ਉਹਨੂੰ ਬਚਾ ਗਏ!"

"ਉਹਦੇ ਤਾਂ ਕਾਲਜ ਵੇਲੇ ਦਾ ਕਸਰਤ ਦਾ ਸ਼ੌਕ ਕੰਮ ਆ ਗਿਆ", ਮੈਂ ਗੱਲ ਫੇਰ ਲਾਂਭੇ ਮੋੜਨੀ ਹੀ ਠੀਕ ਸਮਝੀ।

"ਨਹੀਂ ਯਾਰ, ਉਹਨੂੰ ਤਾਂ ਭੂਪੀ ਦੀਆਂ ਤਾੜੀਆਂ ਨੇ ਬਚਾ ਲਿਆ!" ਸ਼ਾਮਾ ਹੱਸਿਆ। "ਕਸਰਤ ਤਾਂ ਉਹ ਪਹਿਲਾਂ ਵੀ ਕਰਦਾ ਸੀ, ਪਰ ਸਿਰ ਤਾਂ ਉਹਨੇ ਭੂਪੀ ਦੀਆਂ ਚਾਂਭਲ-ਚਾਂਭਲ ਕੇ ਮਾਰੀਆਂ ਤਾੜੀਆਂ ਮਗਰੋਂ ਹੀ ਮੁਨਾਇਆ ਸੀ।"

ਅਸੀਂ ਆਪਣੀ ਤਿੰਨਾਂ ਦੀ ਤਿੰਨ ਦਹਾਕਿਆਂ ਦੀ ਦੋਸਤੀ ਦੀਆਂ ਗੱਲਾਂ ਵਿਚ ਵਹਿ ਗਏ। ਸ਼ਾਮੇ ਨੂੰ ਜਿਵੇਂ ਸਾਰੀ ਪੀੜ ਭੁੱਲ ਗਈ ਸੀ। ਕਾਲਜ ਦੇ ਦਿਨ, ਸਾਡਾ ਦੋਵਾਂ ਦਾ ਕਵਿਤਾ ਲਿਖਣਾ ਅਤੇ ਪੰਮੀ ਦਾ ਸਾਡੇ ਲਿਖੇ ਗੀਤ ਗਾ-ਗਾ ਕੇ ਵਾਹ-ਵਾਹ ਖੱਟਣਾ। ਕਾਲਜ ਦੀਆਂ ਦੋਸਤੀਆਂ, ਅਸਲੀ ਤੇ ਕਲਪਿਤ ਇਸ਼ਕ, ਝੂਠੇ ਤੇ ਸੱਚੇ ਹਉਕੇ।

ਤੇ ਫੇਰ ਸਾਡਾ ਤਿੰਨਾਂ ਦਾ ਪੰਜਾਬ ਦੇ ਸਾਹਿਤਕ-ਸਭਿਆਚਾਰਕ ਖੇਤਰ ਵਿਚ ਨਾਂ ਕਮਾਉਣਾ। ਸ਼ਾਮਾ ਤੇ ਮੈਂ ਕਵਿਤਾ ਦਾ ਜਜ਼ਬਾਤੀ ਦੌਰ ਲੰਘਾ ਕੇ ਕਹਾਣੀਆਂ-ਨਾਵਲ ਲਿਖਣ ਲਗੇ ਅਤੇ ਪੰਮੀ ਨੇ ਪੰਜਾਬ ਦੀਆਂ ਸਟੇਜਾਂ ਉਤੇ ਧੁੰਮਾਂ ਪਾ ਦਿਤੀਆਂ। ਸਾਨੂੰ ਦੋਵਾਂ ਨੂੰ ਲੋਕ ਗਲਪਕਾਰਾਂ ਵਜੋਂ ਜਾਨਣ ਲਗੇ ਅਤੇ ਉਹਨੂੰ ਗਾਇਕ ਵਜੋਂ ਪਿਆਰਨ ਲਗੇ।

ਸਾਡੇ ਮਨਾਂ ਦੀ ਕਸ ਢਿੱਲੀ ਪੈ ਗਈ ਸੀ। ਸਾਡੀ ਤਿੱਕੜੀ ਦੀਆਂ ਗੱਲਾਂ ਸ਼ਾਮੇ ਦੀ ਪੀੜ ਲਈ ਮੱਲ੍ਹਮ ਬਣ ਗਈਆਂ ਸਨ।

ਮੱਧਮ ਆਵਾਜ਼ ਵਿਚ ਵੱਜ ਰਹੇ ਰੇਡੀਓ ਉੱਤੇ ਪਿੱਪ-ਪਿੱਪ ਹੋਈ। ਖ਼ਬਰਾਂ ਦਾ ਸਮਾਂ ਹੋ ਗਿਆ ਸੀ। ਮੈਂ ਉੱਠ ਕੇ ਆਵਾਜ਼ ਉੱਚੀ ਕਰ ਦਿਤੀ।

ਰੇਡੀਓ ਵਿਚੋਂ ਪੰਘਰਿਆ ਹੋਇਆ ਸਿੱਕਾ ਸਾਡੇ ਕੰਨਾਂ ਵਿਚ ਢਲਣ ਲਗਿਆ, "...ਪੰਜਾਬ ਵਿਚ ਕੁਝ ਹੋਰ ਵਾਰਦਾਤਾਂ ਹੋਈਆਂ ਨੇ। ਅੱਜ ਪਰਸਿੱਧ ਗਾਇਕ ਪਰਮਜੀਤ ਸਿੰਘ ਪੰਮੀ ਨੂੰ ਹਿੰਦੂ ਸਮਝ ਕੇ ਗੋਲੀ ਮਾਰ ਦਿਤੀ ਗਈ। ਸ੍ਰੀ ਪੰਮੀ ਦੀ ਮੌਕੇ ਉਤੇ ਹੀ ਮੌਤ ਹੋ ਗਈ!...". ●

---

# ਗੀਵੀਊ: ਪੁਸਤਕ "ਸੰਤੋਖ ਸਿੰਘ ਧੀਰ" ਬਾਰੇ

**ਸਨੇਹਪਾਲ ਸਿੰਘ ਭੁੱਲਰ**



(ਇਹਨਾਂ ਸਤਰਾਂ ਦਾ ਲੇਖਕ ਸੋਵੀਅਤ ਯੂਨੀਅਨ ਵਿਚ ਡਾਕਟਰੀ ਦੀ ਪੜ੍ਹਾਈ ਕਰ ਰਿਹਾ ਹੈ। ਉਥੋਂ ਉਹਨੇ ਇਹ ਵਿਚਾਰ ਪੰਜਾਬੀ ਕਹਾਣੀਕਾਰ ਅਤੇ ਪੁਸਤਕ ਦੇ ਸੰਪਾਦਕ, ਆਪਣੇ ਪਿਤਾ, ਗੁਰਬਚਨ ਸਿੰਘ ਭੁੱਲਰ ਨੂੰ ਇਕ ਚਿੱਠੀ ਵਿਚ ਭੇਜੇ ਹਨ। ਕਿਉਂਕਿ ਇਹ ਵਿਚਾਰ ਨਿੱਜੀ ਟਿਪਣੀ ਤੱਕ ਸੀਮਤ ਨਹੀਂ, ਸਗੋਂ ਇਹਨਾਂ ਵਿਚ ਇਸ ਪੁਸਤਕ ਦਾ ਬੜਾ ਸੰਤੁਲਿਤ ਅਤੇ ਡੂੰਘਾ ਮੁਲੰਕਣ ਕੀਤਾ ਗਿਆ ਹੈ, ਅਸੀਂ ਇਹਨਾਂ ਨੂੰ ਆਪਣੇ ਪਾਠਕਾਂ ਦੀ ਦਿਲਚਸਪੀ ਲਈ ਇਥੇ ਛਾਪ ਰਹੇ ਹਾਂ। — ਸੰਪਾਦਕ)

....ਹੁਣ ਧੀਰ ਜੀ ਬਾਰੇ ਤੁਹਾਡੀ ਸੰਪਾਦਿਤ ਪੁਸਤਕ ਵੱਲ ਆਈਏ। ਮੈਨੂੰ ਪੁਸਤਕ ਬਹੁਤ ਪਸੰਦ ਆਈ ਹੈ। ਧੀਰ ਜੀ ਬਾਰੇ ਕਵਿਤਾਵਾਂ ਵਿਚੋਂ ਮੈਨੂੰ ਬਲਦੇਵ ਚਾਹਲ ਦੀ ਕਵਿਤਾ ਸਭ ਤੋਂ ਵਧੀਆ ਲੱਗੀ। ਅਦੁਤੀ: ਕਿੰਨੀ ਅਰਥ-ਭਰਪੂਰ ਅਤੇ ਪ੍ਰਗਟਾਊ ਹੈ ਇਹ: ਮੇਰੇ ਵਿਚਾਰ ਤੁਸੀਂ ਉਹਨਾਂ ਤੱਕ ਜ਼ਰੂਰ ਪੁਜਦੇ ਕਰ ਦੇਣਾ। ਕਵਿਤਾਵਾਂ ਹੋਰ ਵੀ ਚੰਗੀਆਂ ਹਨ, ਜਿਵੇਂ ਖਾਸ ਕਰਕੇ ਸੁਖਬੀਰ ਅਤੇ ਪ੍ਰੀਤਮ ਬੇਲੀ ਦੀਆਂ। (ਇਥੇ ਪੁੱਜ ਕੇ ਮੈਂ ਇਹ ਪੁਸਤਕ ਫੇਰ ਚੁੱਕ ਲਈ ਅਤੇ ਬਲਦੇਵ ਚਾਹਲ ਦੀ ਕਵਿਤਾ ਇਕ ਵਾਰ ਫੇਰ ਪੜ੍ਹਨ ਦਾ ਲੋਭ ਤਿਆਗ ਨਾ ਸਕਿਆ। ਤੇ ਹੁਣ ਮੈਂ ਉਹ ਪੜ੍ਹਨ ਮਗਰੋਂ ਚਿੱਠੀ ਅੱਗੇ ਲਿਖ ਰਿਹਾ ਹਾਂ।)

ਧੀਰ ਜੀ ਦੀਆਂ ਆਪਣੀਆਂ ਕਵਿਤਾਵਾਂ ਤਾਂ, ਸੁਭਾਵਿਕ ਹੈ, ਕਮਾਲ ਹਨ ਹੀ ਅਤੇ ਉਹਨਾਂ ਦੀ ਤੁਹਾਡੀ ਚੋਣ ਵੀ ਓਨੀਂ ਹੀ ਕਮਾਲ ਹੈ। ਇਹੋ ਤਿੰਨ ਕਵਿਤਾਵਾਂ ਇਕੱਲੀਆਂ ਹੀ ਧੀਰ ਜੀ ਦੀ ਜ਼ਿੰਦਗੀ ਬਾਰੇ ਸਭ ਕੁਝ ਦੱਸ ਦਿੰਦੀਆਂ ਹਨ। ਤੁਹਾਡਾ ਇਹਨਾਂ ਕਵਿਤਾਵਾਂ ਦੀ ਚੋਣ ਕਰਨਾ ਸੱਚਮੁਚ ਬੜੀ ਢੁਕਵੀਂ ਗੱਲ ਹੈ।

ਲੇਖਾਂ ਵਿਚੋਂ ਮੈਨੂੰ ਤੁਹਾਡਾ ਲੇਖ ਬਹੁਤ ਵਧੀਆ ਲਗਿਆ(ਭਾਵੇਂ ਮੈਂ ਇਹ ਪਹਿਲਾਂ ਹੀ ਭਾਰਤ ਵਿਚ ਪੜ੍ਹਿਆ ਹੋਇਆ ਸੀ)। "ਸੰਜੀਵਨੀ" ਦਾ ਮੁੱਖ-ਬੰਦ ਵੀ ਮੈਂ ਪਹਿਲਾਂ ਪੜ੍ਹਿਆ ਹੋਇਆ ਸੀ ਅਤੇ ਇਹ ਵੀ ਇਸੇ ਪ੍ਰਕਾਰ ਵਧੀਆ ਲਗਿਆ। ਹੋਰ ਲੇਖਾਂ ਵਿਚੋਂ ਮੈਨੂੰ ਧੀਰ ਜੀ ਦਾ, ਗੁਰਚਰਨ ਰਾਮਪੁਰੀ ਜੀ ਦਾ, ਜਗਜੀਤ ਸਿੰਘ ਆਨੰਦ ਜੀ ਦਾ, ਹਰਿਭਜਨ ਸਿੰਘ ਜੀ ਦਾ(ਜੋ ਮੈਂ ਪਹਿਲਾਂ "ਆਰਸੀ" ਵਿਚ ਪੜ੍ਹਿਆ ਹੋਇਆ ਸੀ) ਲੇਖ ਪਸੰਦ ਆਏ। ਹਰਿਭਜਨ ਸਿੰਘ ਜੀ ਦਾ ਲੇਖ ਪੜ੍ਹਨਾ "ਯਾਦਗਾਰ" ਦੁਬਾਰਾ ਪੜ੍ਹਨ ਵਾਂਗ ਸੀ। ਉਹ ਈਮਾਨਦਾਰੀ ਪਰਸੰਸਾ ਯੋਗ ਹੈ, ਜੀਹਦੇ ਨਾਲ ਉਹਨਾਂ ਨੇ ਇਹ ਲੇਖ ਲਿਖਿਆ ਹੈ। ਕਮਾਲ ਹੈ ਇਹ ਲੇਖ: ਅਜਮੇਰ ਰੋਡੇ ਦਾ "ਸਵੇਰ ਹੋਣ ਤਕ" ਬਾਰੇ ਲੇਖ ਵੀ ਅਰਥ—ਭਰਪੂਰ ਹੈ(ਮੈਂ ਇਹ ਕਹਾਣੀ ਪੜ੍ਹੀ ਹੋਈ ਹੈ) ਸ਼ਾਂਤ ਜੀ ਦਾ ਲੇਖ ਉਹਨਾਂ ਦੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਪ੍ਰਗਟ ਕਰਦਾ ਹੈ। ਤੇ ਇਹੋ ਗੱਲ ਰੂਪ ਜੀ ਦੇ ਅਤੇ ਨਵਤੇਜ ਦੇ ਲੇਖਾਂ ਬਾਰੇ ਕਹੀ ਜਾ ਸਕਦੀ ਹੈ।

ਕਰਨਜੀਤ ਸਿੰਘ ਜੀ ਦੇ ਲੇਖ ਬਾਰੇ — ਮੈਨੂੰ ਇਸ ਲੇਖ ਪਿਛੇ ਕੰਮ ਕਰਦੀ ਭਾਵਨਾ ਚੰਗੀ ਨਹੀਂ ਲੱਗੀ। ਉਹਨਾਂ ਨੇ ਆਪਣੀ ਭਾਵਨਾ ਉਤੇ ਪਰਦਾ ਪਾਉਣ ਦਾ ਜਤਨ ਤਾਂ ਕੀਤਾ ਹੈ, ਪਰ ਉਹ ਤਾਂ ਵੀ ਚਿੱਟੇ ਦਿਨ ਵਾਂਗ ਸਪੱਸ਼ਟ ਹੈ।

ਇਹ ਆਸ ਕਦੀ ਵੀ ਨਹੀਂ ਕੀਤੀ ਜਾ ਸਕਦੀ ਹੁੰਦੀ ਕਿ ਕਿਸੇ ਕਵੀ ਦੀ ਹਰੇਕ ਕਵਿਤਾ ਹੀ ਮਹਾਨ ਹੋਵੇ। ਕਰਨਜੀਤ ਸਿੰਘ ਕਿਸੇ ਹੱਦ ਤੱਕ ਇਸ ਗੱਲ ਵਿਚ ਠੀਕ ਹੋ ਸਕਦੇ ਹਨ ਕਿ ਧੀਰ ਜੀ ਦੀਆਂ ਕੁੱਝ ਕਵਿਤਾਵਾ ਵਿਚ ਕਲਾ ਦੀ ਘਾਟ ਹੋਵੇ ਜਾਂ ਉਹ ਪਾਰਟੀ ਦੇ ਨਾਅਰੇ ਵਾਂਗ ਹੋਣ। ਪਰ ਇਹਦੇ ਨਾਲ ਹੀ ਉਹਨਾਂ ਨੂੰ ਧੀਰ ਜੀ ਦੀਆਂ ਲਿਖੀਆਂ ਹੋਈਆਂ ਬਹੁਤ ਹੀ ਵੱਡੀ ਗਿਣਤੀ ਵਿਚ ਸ਼ਾਨਦਾਰ ਅਤੇ ਮਹਾਨ ਕਵਿਤਾਵਾਂ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਮੈਨੂੰ ਉਹਨਾਂ ਦਾ ਉਹ ਤਰੀਕਾ ਵੀ ਚੰਗਾ ਨਹੀਂ ਲਗਿਆ, ਜਿਵੇਂ ਉਹ ਧੀਰ ਜੀ ਦੀ ਇਕ ਵਿਸ਼ੇ ਬਾਰੇ ਕਵਿਤਾ ਦੀ ਤੁਲਨਾ ਉਸੇ ਵਿਸ਼ੇ ਸਬੰਧੀ ਫੈਜ਼ ਅਤੇ ਅੰਮ੍ਰਿਤਾ ਦੀਆਂ ਕਵਿਤਾਵਾਂ ਨਾਲ ਕਰਦੇ ਹਨ। ਮੇਰਾ ਵਿਚਾਰ ਹੈ ਕਿ ਇਸ ਤਰੀਕੇ ਨਾਲ ਕਿਸੇ ਹੋਰ ਵਿਸ਼ੇ ਬਾਰੇ ਅਸੀਂ ਸੌਖਿਆਂ ਹੀ ਧੀਰ ਜੀ ਦੀਆਂ ਅਜਿਹੀਆਂ ਕਵਿਤਾਵਾਂ ਲੱਭ ਸਕਦੇ ਹਾਂ, ਜੋ ਉਸ ਵਿਸ਼ੇ ਬਾਰੇ ਫੈਜ਼ ਜਾਂ ਅੰਮ੍ਰਿਤਾ ਵੱਲੋਂ ਲਿਖੀਆਂ ਗਈਆਂ ਕਵਿਤਾਵਾਂ ਨਾਲੋਂ ਚੰਗੇਰੀਆਂ ਹੋਣ। ਸੋ ਅਜਿਹੀ ਤੁਲਨਾ ਕਰਨ ਦੀ ਕੋਈ ਤੁਕ ਨਹੀਂ ਹੁੰਦੀ।

ਪਰ ਇਹ ਧੀਰ ਜੀ ਦੀ ਵਡਿਆਈ ਦਾ ਹੀ ਨਾਮ ਹੈ ਕਿ ਆਪਣੇ ਅਜਿਹੇ ਸਾਰੇ ਜਤਨਾਂ ਦੇ ਬਾਵਜੂਦ ਵੀ ਕਰਨਜੀਤ ਸਿੰਘ ਨੂੰ ਉਹਨਾਂ ਦੀ ਪ੍ਰਸੰਸਾ ਕਰਨੀ ਅਤੇ ਮਹਾਨਤਾ ਮੰਨਣੀ ਹੀ ਪਈ ਹੈ। ਇਹ ਹਨ ਮੇਰੇ ਇਸ ਲੇਖ ਬਾਰੇ ਵਿਚਾਰ ਅਤੇ ਮੈਂ ਇਸ ਸਬੰਧੀ ਤੁਹਾਡੇ ਵਿਚਾਰ ਜਾਨਣ ਲਈ ਉਤਾਵਲਾ ਹਾਂ।

ਤੇ ਦਰਸ਼ਨ ਗਿੱਲ ਜੀ ਦੀ ਕਵਿਤਾ ਕਿਉਂਕਿ ਤੁਸੀਂ ਕਿਸੇ ਕਾਰਨ ਅੰਤਲੇ ਪੰਨੇ ਉਤੇ ਦਿਤੀ ਹੈ, ਉਸ ਬਾਰੇ ਮੈਂ ਵੀ ਅੰਤ ਵਿਚ ਹੀ ਲਿਖ ਰਿਹਾ ਹਾਂ ਉਹਨਾਂ ਦੀ ਕਵਿਤਾ ਸਚਮੁਚ ਕਮਾਲ ਹੈ! ਮੈਨੂੰ ਇਹ ਬਹੁਤ ਹੀ ਚੰਗੀ ਲੱਗੀ। ਬਲਦੇਵ ਚਾਹਲ ਦੀ ਕਵਿਤਾ ਵਾਂਗ ਮੇਰਾ ਦਿਲ ਇਹ ਕਵਿਤਾ ਵੀ ਵਾਰ ਵਾਰ ਪੜ੍ਹਨ ਨੂੰ ਕਰਦਾ ਹੈ।

ਪੁਸਤਕ ਦੀ ਦਿੱਖ ਅਤੇ ਇਹਦਾ ਸੰਪਾਦਨ? ਮੈਂ ਬੱਸ ਏਨਾ ਹੀ ਕਹਾਂਗਾ — ਵਾਹ! ਮੈਂ ਇਸ ਨਰੋਈ ਪਰਾਪਤੀ ਲਈ ਆਪਣੇ ਪਿਆਰੇ ਪਿਤਾ ਜੀ ਨੂੰ ਵਧਾਈ ਦਿੰਦਾ ਹਾਂ ਅਤੇ ਇਹਦੇ ਪਰਕਾਸ਼ਨ ਲਈ ਕੌਮਾਂਤਰੀ ਪੰਜਾਬੀ ਲਿਟਰੇਰੀ ਟਰੱਸਟ (ਕੈਨੇਡਾ) ਨੂੰ ਸਾਡਾ, ਪੰਜਾਬੀ ਪਾਠਕਾਂ ਦਾ ਬਹੁਤ ਬਹੁਤ ਧੰਨਵਾਦ ਭੇਟ ਕਰਦਾ ਹਾਂ।

---

# ਦਰਸ਼ਨ ਨੱਤ ਦੀ ਨੁਹਾਰ

## ਗੀਤ

ਅਸੀਂ ਉਡੀਏ ਪੁਲਾੜੀਂ, ਚੰਨਾਂ, ਤਾਰਿਆਂ ਦੇ ਨਾਲ
ਸਾਡੀ ਦੋਸਤੀ ਏ, ਉਚਿਆਂ ਮੁਨਾਰਿਆਂ ਦੇ ਨਾਲ।

ਸਾਡੀ ਦ੍ਰਿਸ਼ਟੀ 'ਚ ਵੱਡੇ, ਛੋਟੇ, ਸਭੇ ਨੇ ਸਮਾਨ
ਅਸੀਂ ਮਾੜ੍ਹੀਆਂ ਦੇ ਨਾਲ, ਅਸੀਂ ਢਾਰਿਆਂ ਦੇ ਨਾਲ।

ਅਸੀਂ ਹੀਣਿਆਂ ਦੇ ਆੜੀ, ਅਸੀਂ ਨੇਕੀਆਂ ਦੇ ਯਾਰ
ਸਾਡੀ ਦੋਸਤੀ ਏ, ਮਿੱਤਰਾਂ, ਪਿਆਰਿਆਂ ਦੇ ਨਾਲ।

ਸਾਨੂੰ ਸੱਭੇ ਨੇ ਪਿਆਰੇ, ਹਿੰਦੂ, ਸਿੱਖ ਤੇ ਈਸਾਈ
ਅਸੀਂ ਇਕ ਇਕ ਨਾਲ, ਅਸੀਂ ਸਾਰਿਆਂ ਦੇ ਨਾਲ।

ਅਸੀਂ ਉਡੀਏ ਪੁਲਾੜੀਂ, ਚੰਨਾਂ, ਤਾਰਿਆਂ ਦੇ ਨਾਲ
ਸਾਡੀ ਦੋਸਤੀ ਏ, ਉਚਿਆਂ ਮੁਨਾਰਿਆਂ ਦੇ ਨਾਲ।

## ਗ਼ਜ਼ਲ

**ਪ੍ਰਮਜੀਤ ਸਿੰਘ "ਕੰਵਲ"(ਰਾਮਪੁਰੀ)**

ਕੀ ਕਹਾਂ, ਤੇ ਮੈਂ ਕੀ ਨਾ ਕਹਾਂ,
ਕਹਿ ਸਕਦੀ ਨਹੀਂ ਮੇਰੀ ਜ਼ਬਾਂ।
ਜਿਥੇ ਵਸਦਾ ਨਹੀਂ ਪ੍ਰੀਤਮ ਮਿਰਾ,
ਉਹ ਤਾਂ ਮੜ੍ਹੀਆਂ ਤੋਂ ਭੈੜਾ ਗਿਰਾਂ।
ਭਾਵੇਂ ਚੋਗਾ ਮਿਲੇ ਨਾ ਮਿਲੇ,
ਆਲ੍ਹਣਾ ਫਿਰ ਵੀ ਹੈ ਆਲ੍ਹਣਾ।
ਜੇ ਜ਼ਿੰਦਗੀ ਮਿਲੇ ਮੌਤ ਚੋਂ,
ਮੌਤ ਕੋਲੋਂ ਮੈਂ ਫਿਰ ਕਿਉਂ ਡਰਾਂ।
ਇਕ ਦਿਨ ਤਾਂ ਬਹਾਰ ਆਏਗੀ,
ਸਦਾ ਰਹਿਣੀ ਨਹੀਂ ਇਹੋ ਖਿਜਾਂ।
ਜੇਹੜਾ ਮਾਹੀ ਦੀ ਦੱਸ ਪਾ ਦੇਵੇ,
ਉਹਦਾ ਦਿਨ ਰਾਤੀਂ ਪਾਣੀ ਭਰਾਂ।
ਮੇਰੇ ਸਾਹਾਂ 'ਚ ਸਾਹ ਓਸ ਦਾ,
ਉਚੀ ਤਾਹੀਓਂ ਮੈਂ ਸਾਹ ਨਾ ਭਰਾਂ।
"ਕੰਵਲ" ਸਾਕੀ ਮਿਰਾ ਖੁਲ ਦਿਲਾ,
ਹੈ ਲਟਾਉਂਦਾ ਪਿਆ ਮਸਤੀਆਂ।

## ਸੂਲੀ

(23 ਮਾਰਚ ਨੂੰ ਸਮਰਪਿਤ)

ਯਾਰ, ਭਗਤ ਸਿੰਘ!
ਸਾਡੀ ਖਾਤਰ
'ਸੂਲੀ' ਦਾ ਮਤਲਬ ਤਾਂ 'ਈਸਾ' ਹੈ
ਤੇ ਜਾਂ ਫਿਰ 'ਭਗਤ ਸਿੰਘ' ਹੈ!
(ਉਂਝ ਕਿੱਕਰ ਦੀ ਸੂਲ
ਤੇਰੀ ਸੂਲੀ ਤੋਂ ਸਾਨੂੰ
ਵੱਧ ਚੁਭਦੀ ਹੈ!)
ਅਤੇ ਕੇਸਰੀ ਬਾਣਾ
ਸਿਰਫ਼ 'ਗੋਬਿੰਦ ਸਿੰਘ' ਹੈ।

ਅਸੀਂ ਕਦੋਂ ਤੱਕ ਇਹਨਾਂ
ਪਰਮ ਮਨੁੱਖਾਂ ਦੇ
ਕੀਤੇ ਦੀ ਭੱਲ ਖੱਟੀ ਜਾਣੀ ਹੈ?
ਅੱਜ ਦੇ ਯੁਗ ਦਾ
'ਭਗਤ ਸਿੰਘ' ਕਿੱਥੇ ਹੈ?
ਕਦ ਪਰਗਟ ਹੋਵੇਗਾ?

## ਗ਼ਜ਼ਲ

ਰੋਜ਼ ਭਲਾ ਕਿਉਂ ਗ਼ੈਰਾਂ ਵਾਂਗੂੰ ਗੱਲ ਕਰੀਏ?
ਗੱਲ ਕਰੀਏ ਆ ਗ਼ੈਰ ਦੇ ਸੀਨੇ ਸੱਲ ਕਰੀਏ।

ਕਾਹਨੂੰ ਚੜ੍ਹਿਆ ਫਿਰਦੈਂ ਢਹੇ ਸ਼ਰੀਕਾਂ ਦੇ?
ਆ ਕਰੀਏ ਕੋਈ ਬੰਦਿਆਂ ਵਾਲੀ ਗੱਲ ਕਰੀਏ।

ਬੀਤ ਚੁੱਕਿਆ ਕੱਲ੍ਹ, ਲੰਘਿਆ ਪੱਤਣੋਂ ਪਾਣੀ
ਵੱਜਿਆ ਬਿਗਲ ਕੂਚ ਬੱਸ, ਅੱਜ ਜਾਂ ਕੱਲ੍ਹ ਕਰੀਏ।

ਉਲਝ ਗਈ ਤਾਣੀ ਸਮਿਆਂ ਦੇ ਹਾਕਮ ਤੋਂ
ਵੱਲ ਕਰੀਏ ਤਾਂ ਬੱਸ, ਅਸੀਂ ਹੀ ਵੱਲ ਕਰੀਏ।

ਕੱਲ੍ਹ ਕਿਨ੍ਹੇ ਤੱਕਿਆ ਹੈ, ਕੱਲ ਦੀ ਗੱਲ ਛੱਡੋ
ਰਲ ਮਿਲ ਕੇ ਜੋ ਕਰਨੈ, ਏਸੇ ਪਲ ਕਰੀਏ।

## ਪੱਤਣ

ਉੱਠ ਗ਼ਰੀਬਾ! ਹੱਲਾ ਬੋਲ ਪਿਛਾਖੜ 'ਤੇ
ਉੱਠ! ਰਾਵਣ ਦੀ ਰਾਖਸ਼-ਸੈਨਾ ਆਖਰ 'ਤੇ।

ਲਾਹ ਸੁੱਟ ਅਮਰ-ਵੇਲ, ਜੀਵਨ-ਰੁੱਖ ਮੌਲਣ ਦੇ
ਪੀਲੇ ਭੂਕ ਚਿਹਰਿਆਂ ਤੇ ਮੁੜ ਰੰਗ ਪਰਤੇ।

ਪੌਣ ਸਮੇਂ ਦੀ, ਠੀਕ ਦਿਸ਼ਾ ਵੱਲ ਰੁਮਕੀ ਹੈ
ਝੱਖੜ ਬਣ ਕੇ ਝੁੱਲਣਾ, ਨਿਰਭਰ ਤੇਰੇ 'ਤੇ।

ਉੱਤਰ, ਦੱਖਣ, ਪੂਰਬ ਪੱਛਮ ਗੂੰਜ ਰਹੇ
ਵੱਜਿਆ ਯੁੱਧ-ਨਗਾਰਾ, ਡਟ ਜਾ ਪਹਿਰੇ 'ਤੇ।

ਉਠ! ਗੁਜਰਾਤ, ਬੰਗਾਲ, ਕੇਰਲਾ, ਕਸ਼ਮੀਰੋਂ
ਉੱਠ! ਕਿ ਦਿੱਲੀ ਖੜ੍ਹੀ, ਝਨਾਂ ਦੇ ਪੱਤਣ 'ਤੇ।

ਉੱਠ ਗ਼ਰੀਬਾ! ਹੱਲਾ ਬੋਲ ਪਿਛਾਖੜ 'ਤੇ
ਉੱਠ! ਰਾਵਣ ਦੀ ਰਾਖਸ਼-ਸੈਨਾ ਆਖਰ 'ਤੇ।

## ਗ਼ਜ਼ਲ

ਸੋਨ-ਸੁਨਹਿਰੇ ਸੁਰਖ ਸਵੇਰੇ, ਤਿੱਖੜ, ਤਲਖ ਦੁਪਹਿਰ
ਕਿੰਨਾ ਲੰਮਾ ਹੋ ਚੱਲਿਆ ਹੈ, ਰਾਤ ਦਾ ਪਿਛਲਾ ਪਹਿਰ।

ਮੰਜ਼ਿਲ ਦੀ ਗੱਲ ਬੇ-ਮਾਅਨੀ ਹੈ, ਰਸਤੇ ਗਏ ਗੁਆਚ
ਭੀੜ-ਭੜੱਕਾ, ਸ਼ੋਰ-ਸ਼ਰਾਬਾ, ਗ਼ਰਦ, ਗ਼ੁਬਾਰੀ, ਗਹਿਰ।

ਚਾਵਾਂ-ਮੱਤੇ ਉਡਦੇ ਫਿਰੀਏ, ਪਰ ਇਕ ਬਸ਼ਰ ਬਗ਼ੈਰ
ਚੁੱਪ, ਵਿਕਰਾਲ, ਭਿਆਨਕ, ਤਨਹਾ, ਵਸਦਾ-ਰਸਦਾ ਸ਼ਹਿਰ।

ਰੋਜ਼ਗਾਰ, ਮਹਿਬੂਬ, ਆਦਰਸ਼, ਦੁਸ਼ਮਣ, ਦੋਖੀ, ਗ਼ੈਰ
ਕੀਹਦੀ ਕੀਹਦੀ ਮਾਲਾ ਜਪੀਏ, ਦਿਲ ਵਿਚ ਅੱਠੇ ਪਹਿਰ।

ਰਗ ਰਗ ਅੰਦਰ ਰਚ ਚੁੱਕਿਆ ਹੈ, ਝੂਠੇ ਨੈਣ ਪਰਾਣ
ਕਿਹੜੀ ਨਾਗਮਣੀ ਚੂਸੇਗੀ, ਕਿਹੜਾ ਕਿਹੜਾ ਜ਼ਹਿਰ।

ਰਾਹਾਂ ਦੇ ਵਿਚ ਰੋੜ ਰੜਕਦੇ, ਭਰੇ ਸਿਸਕੀਆਂ ਪੌਣ
ਕਾਲੀ ਬੋਲੀ ਰਾਤ ਤੇ ਤਨਹਾ, ਕਾਇਨਾਤ ਦਾ ਕਹਿਰ।

ਬੁਸੀਆਂ ਗੱਲਾਂ, ਖੁਸ਼ਕ ਵਤੀਰੇ, ਸਾੜਾ, ਕੀਨਾ, ਵੈਰ
ਉਠਦੀ, ਦਬਦੀ, ਗੁੰਮ ਜਾਂਦੀ ਹੈ, ਡੂੰਘਾਣਾਂ ਵਿਚ ਲਹਿਰ।

# ਲੇਖਕ ਫਿਰਕੂ ਘਿਰਣਾ ਦੇ ਵਧ ਰਹੇ ਖਤਰੇ ਵਿਰੁਧ ਅੱਗੇ ਆਉਣ — ਕੇਂਦਰੀ ਲੇਖਕ ਸਭਾ

### ਡਾ:ਤਿਵਾੜੀ ਦੇ ਕਤਲ ਦੀ ਜ਼ੋਰਦਾਰ ਨਿੰਦਾ

ਚੰਡੀਗੜ੍ਹ — ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪ੍ਰੋ:ਸੰਤ ਸਿੰਘ ਸੇਖੋਂ ਤੇ ਜਨਰਲ ਸਕੱਤਰ ਸ੍ਰੀ ਤੇਰਾ ਸਿੰਘ ਚੰਨ ਨੇ ਡਾ:ਵਿਸ਼ਵਾ ਨਾਥ ਤਿਵਾੜੀ ਦੇ ਭਿਅੰਕਰ ਕਤਲ ਤੇ ਭਾਰੀ ਦੁਖ ਪਰਗਟ ਕੀਤਾ ਹੈ। ਇਕ ਸਾਂਝੇ ਬਿਆਨ ਵਿਚ ਉਹਨਾਂ ਆਖਿਆ ਹੈ ਕਿ ਡਾ:ਤਿਵਾੜੀ ਕਿਸੇ ਜਾਤ ਜਾਂ ਧਰਮ ਦਾ ਖਿਆਲ ਕੀਤੇ ਬਿਨਾਂ ਸੰਗਠਤ ਪੰਜਾਬੀ ਸਭਿਆਚਾਰ ਦਾ ਪਰਤੀਕ ਸੀ। ਉਸ ਦਾ ਸਮੁੱਚਾ ਜੀਵਨ ਪੰਜਾਬ ਦੇ ਵਖ ਵਖ ਫਿਰਕਿਆਂ ਵਿਚਾਲੇ ਏਕਤਾ ਦੀਆਂ ਕੜੀਆਂ ਨੂੰ ਪਕਿਆਂ ਕਰਣ ਪ੍ਰਤੀ ਸਮਰਪਤ ਸੀ। ਪੰਜਾਬੀ ਭਾਸ਼ਾ ਵਿਚ ਆਪ ਇਕ ਉਚੀ ਯੋਗਤਾ ਦਾ ਸਾਹਿਤਕਾਰ ਹੁੰਦਿਆਂ ਉਹ ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਦੇ ਕਾਜ਼ ਦਾ ਜ਼ੋਰਦਾਰ ਸਮਰਥਕ ਸੀ।

ਇਹ ਬਹੁਤ ਹੀ ਦੁਖਦਾਈ ਗੱਲ ਹੈ ਕਿ ਡਾ:ਤਿਵਾੜੀ ਵਰਗਾ ਇਕ ਮਨੁਖ ਕੇਵਲ ਇਸ ਲਈ ਕਤਲ ਕਰ ਦਿਤਾ ਗਿਆ ਕਿ ਉਹ ਪੰਜਾਬੀਅਤ ਦੇ ਧਰਮਨਿਰਪੇਖ ਸੰਕਲਪ ਨੂੰ ਪਿਆਰ ਕਰਦਾ ਸੀ। ਉਸ ਦੀ ਮੌਤ ਨਾਲ ਪੰਜਾਬ ਇਕ ਮਹਾਨ ਲੇਖਕ ਤੇ ਬੁਧੀਜੀਵੀ ਤੋਂ ਵਾਂਝਾ ਹੋ ਗਿਆ ਹੈ। ਡਾ: ਤਿਵਾੜੀ ਦੀ ਹੱਤਿਆ ਉਤੇ ਸ਼ੋਕ ਪ੍ਰਗਟ ਕਰਦਿਆਂ ,ਕੇਂਦਰੀ ਪੰਜਾਬੀ ਲੇਖਕ ਸਭਾ , ਪੰਜਾਬੀ ਲੋਕਾਂ, ਵਿਸ਼ੇਸ਼ ਕਰਕੇ ਲੇਖਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਫਿਰਕੂ ਘਿਰਣਾ ਦੇ ਵਧ ਰਹੇ ਖਤਰੇ ਨੂੰ ਰੋਕਣ ਲਈ ਅੱਗੇ ਆਉਣ। ਕੇਂਦਰੀ ਪੰਜਾਬੀ ਲੇਖਕ ਸਭਾ ਆਪਣੇ ਨਾਲ ਸਬੰਧਤ ਸਾਰੀਆਂ ਲੇਖਕ ਸਭਾਵਾਂ ਨੂੰ ਹਦਾਇਤ ਕਰਦੀ ਹੈ ਕਿ ਉਹ ਡਾ: ਤਿਵਾੜੀ ਦੇ ਇਸ ਦੁਖਦਾਈ ਕਤਲ ਦੇ ਸਬੰਧ ਵਿਚ ਸ਼ੋਕ ਸਭਾਵਾਂ ਕਰਕੇ ਫਿਰਕੂ ਸਦਭਾਵਨਾ ਦੇ ਹੱਕ ਵਿਚ ਆਵਾਜ਼ ਉਚੀ ਕਰਣ। ਤਿਵਾੜੀ ਫਿਰਕੂ ਘਿਰਣਾ ਦੇ ਵਾਤਾਵਰਨ ਦਾ ਸ਼ਿਕਾਰ ਹੋਇਆ ਹੈ । ਅਜੇ ਸਮਾਂ ਹੈ ਕਿ ਪੰਜਾਬੀ ਲੇਖਕ ਤੇ ਬੁਧੀਜੀਵੀ ਧਰਮਨਿਰਪੱਖ ਤੇ ਮਾਨਵਵਾਦੀ ਕਦਰਾਂ ਦੀ ਰਾਖੀ ਵਿਚ ਜੁਟ ਜਾਣ — ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ।

# ਮਈ ਦੇ ਪਹਿਲੇ ਹਫਤੇ ਕਣਕ ਮੰਡੀਆਂ ਵਿਚ ਨਾ ਲਿਆਓ

—ਕਿਸਾਨ ਸਭਾ

### ਵਾਢੀਆਂ ਤੋਂ ਬਾਅਦ ਸੂਬਾਈ ਕਿਸਾਨ ਕਨਵੈਨਸ਼ਨ

ਚੰਡੀਗੜ੍ਹ — ਪੰਜਾਬ ਕਿਸਾਨ ਸਭਾ ਨੇ ਸੂਬੇ ਭਰ ਦੇ ਕਿਸਾਨਾਂ ਨੂੰ ਸੱਦਾ ਦਿਤਾ ਹੈ ਕਿ ਉਹ ਕਿਸਾਨੀ ਜਿਣਸਾਂ ਦੇ ਲਾਹੇਬੰਦ ਭਾਅ ਨਾ ਮਿਲਣ ਵਿਰੁਧ ਰੋਸ ਵਜੋਂ ਮਈ ਦੇ ਪਹਿਲੇ ਹਫਤੇ ਕਣਕ ਮੰਡੀਆਂ ਵਿਚ ਨਾ ਲਿਆਉਣ।

ਇਹ ਫੈਸਲਾ ਕਲ ਇਥੇ ਕਿਸਾਨ ਸਭਾ ਦੀ ਇਕ ਹੰਗਾਮੀ ਮੀਟਿੰਗ ਵਿਚ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਕਿਸਾਨ ਸਭਾ ਦੇ ਸੀਨੀਅਰ ਸੂਬਾ ਮੀਤ ਪ੍ਰਧਾਨ ਸਾਥੀ ਸ਼ਮਸ਼ੇਰ ਸਿੰਘ ਜੋਸ਼ ਨੇ ਕੀਤੀ।

ਮੀਟਿੰਗ ਵਲੋਂ ਜਾਰੀ ਕੀਤੇ ਗਏ ਇਕ ਪ੍ਰੈਸ ਨੋਟ ਅਨੁਸਾਰ ਕਿਸਾਨ ਸਭਾ ਨੇ ਵਧੇ ਹੋਏ ਟਿਊਬਵੈਲ ਫਲੈਟ ਰੇਟ ਵੀ ਵਾਪਸ ਲਏ ਜਾਣ ਦੀ ਮੰਗ ਕੀਤੀ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਵਾਢੀਆਂ ਦੇ ਮੌਸਮ ਤੋਂ ਬਾਅਦ ਇਕ ਸੂਬਾਈ ਕਨਵੈਨਸ਼ਨ ਕੀਤੀ ਜਾਵੇਗੀ ਜਿਸ ਵਿਚ ਖਾਲ ਪੱਕੇ ਕਰਨ ਸਬੰਧੀ ਵਸੂਲੇ ਜਾ ਰਹੇ ਪੈਸਿਆਂ ਵਿਰੁਧ ਅਤੇ ਮਾਰਕੀਟ ਫੀਸ ਵਿਚ ਕੀਤੇ ਗਏ ਵਾਧੇ ਨੂੰ ਵਾਪਸ ਕਰਵਾਉਣ ਲਈ ਸੰਘਰਸ਼ ਦੀ ਰੂਪ ਰੇਖਾ ਉਲੀਕੀ ਜਾਵੇਗੀ।

ਮੀਟਿੰਗ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵਧੇ ਹੋਏ ਟਿਊਬਵੈਲ ਬਿਲ ਅਦਾ ਨਾ ਕਰਨ।

ਮੀਟਿੰਗ ਵਿਚ ਸਾਥੀ ਨਾਜ਼ਰ ਸਿੰਘ ਸਾਥੀ ਸ਼ਮਸ਼ੇਰ ਸਿੰਘ ਜੋਸ਼ ਅਤੇ ਡਾਕਟਰ ਜੁਗਿੰਦਰ ਦਿਆਲ ਉਤੇ ਅਧਾਰਤ ਇਕ ਕਮੇਟੀ ਬਣਾਈ ਗਈ ਜਿਹੜੀ ਸਾਂਝੀ ਸੂਬਾ ਕਿਸਾਨ ਕਨਵੈਨਸ਼ਨ ਜਥੇਬੰਦ ਕਰਨ ਲਈ ਹੋਰ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਸੰਪਰਕ ਕਰੇਗੀ।

# ਪੰਜਾਬ ਮਸਲੇ ਦਾ ਰਾਜਸੀ ਹੱਲ ਜ਼ਰੂਰੀ — ਭਾਟੀਆ

ਅੰਮ੍ਰਿਤਸਰ — ਪੰਜਾਬ ਦਾ ਮਸਲਾ ਹੱਲ ਕਰਨ ਲਈ ਇਸਦਾ ਰਾਜਨੀਤਕ ਹੱਲ ਲਭਣਾ ਜ਼ਰੂਰੀ ਹੈ। ਇਹ ਗੱਲ ਪ੍ਰਦੇਸ਼ ਕਾਂਗਰਸ ਆਈ ਦੇ ਪ੍ਰਧਾਨ ਸ੍ਰੀ ਰਘੂਨੰਦਨ ਲਾਲ ਭਾਟੀਆ ਨੇ ਕਹੀ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ.ਸੀ.ਸੇਠੀ ਅਕਾਲੀ ਦਲ ਨੂੰ ਗੱਲਬਾਤ ਦਾ ਸੱਦਾ ਦੇ ਚੁੱਕੇ ਹਨ ਹੁਣ ਇਹ ਗਲ ਸੰਤ ਲੌਂਗੋਵਾਲ ਤੇ ਨਿਰਭਰ ਕਰਦੀ ਹੈ ਕਿ ਉਹ ਖੁਦ ਦਿੱਲੀ ਜਾਕੇ ਪੰਜਾਬ ਸਮਸਿਆ ਬਾਰੇ ਗੱਲਬਾਤ ਕਰਨ। ਉਹਨਾਂ ਕਿਹਾ ਕਿ ਅਕਾਲੀ ਦਲ ਦੀਆਂ ਧਾਰਮਿਕ ਮੰਗਾਂ ਤਾਂ ਪਹਿਲਾਂ ਹੀ ਮੰਨੀਆਂ ਜਾ ਚੁੱਕੀਆਂ ਹਨ।

ਪੰਜਾਬ ਵਿਚ ਹੋਈਆਂ ਹਿੰਸਕ ਘਟਨਾਵਾਂ ਤੇ ਦੁੱਖ ਪ੍ਰਗਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਦਾ ਰਾਜਨੀਤਕ ਹੱਲ ਲੱਭੇ ਬਿਨਾਂ ਹਿੰਸਕ ਘਟਨਾਵਾਂ ਬੰਦ ਨਹੀਂ ਹੋ ਸਕਦੀਆਂ ।

ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਦਿਲ ਵਿਚ ਸਿੱਖਾਂ ਪ੍ਰਤੀ ਪੂਰਾ ਸਤਿਕਾਰ ਹੈ ਅਤੇ ਉਹ ਪੰਜਾਬ ਦਾ ਮਸਲਾ ਹੱਲ ਕਰਨ ਦੇ ਚਾਹਵਾਨ ਹਨ। ਉਹਨਾਂ ਨੇ ਰਾਜਨੀਤਕ ਪਾਰਟੀਆਂ ਨੂੰ ਧਾਰਮਿਕ ਸਥਾਨ ਦੀ ਦੁਰਵਰਤੋਂ ਨਾ ਕਰਨ ਦੀ ਅਪੀਲ ਕੀਤੀ ਤੇ ਪੰਜਾਬ ਵਿਚ ਫਿਰਕੂ ਸਦਭਾਵਨਾ ਬਣਾਏ ਰਖਣ ਤੇ ਜ਼ੋਰ ਦਿੱਤਾ।

# ਡਾ: ਤਿਵਾੜੀ ਦੇ ਕਤਲ ਦੀ ਨਿੰਦਾ

ਅੰਮ੍ਰਿਤਸਰ — ਇਥੋਂ ਦੇ ਲੋਕ ਲਿਖਾਰੀ ਸਭਾ ਵਲੋਂ ਇਕ ਵਿਸ਼ੇਸ਼ ਮੀਟਿੰਗ ਡਾ:ਕਾਂਗ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਪੰਜਾਬੀ ਮਾਂ ਦੇ ਸੱਚੇ ਸਪੂਤ ਡਾ:ਵਿਸ਼ਵਾ ਨਾਥ ਤਿਵਾੜੀ ਦੇ ਬੇਰਹਿਮ ਕਤਲ ਉਤੇ ਨਿਖੇਧੀ ਦਾ ਮਤਾ ਪਾਸ ਕੀਤਾ ਗਿਆ ਕਿ ਜੇ ਅਤਿਵਾਦੀ ਪੰਜਾਬੀ ਦੇ ਇਸ ਪਰਮ ਮਿੱਤਰ ਨੂੰ ਛੱਡ ਨਹੀਂ ਸਕਦੇ ਤਾਂ ਪੰਜਾਬ ਵਿਚ ਕੋਈ ਵੀ ਸੁਰਖਿਅਤ ਨਹੀਂ।

ਅਸੀਂ ਸਾਰੇ ਅਕਾਲੀ ਦਲ ਤੇ ਸਮੂਹ ਪਾਰਟੀਆਂ ਨੂੰ ਬੇਨਤੀ ਕਰਦੇ ਹਾਂ ਕਿ ਲੇਖਕਾਂ ਦੇ ਕਤਲ ਅਤੇ ਆਮ ਲੋਕਾਂ ਨੂੰ ਮਾਰੇ ਜਾਣ ਨੂੰ ਠੱਲ੍ਹ ਪਾਈ ਜਾਵੇ।

# ਇੰਗਲੈਂਡ ਨੇ ਲਿਬੀਆ ਨਾਲ ਡਿਪਲੋਮੈਟਿਕ ਰਿਸ਼ਤੇ ਤੋੜ ਲਏ

ਲੰਡਨ — ਲਿਬੀਆ ਦੀ ਅੰਬੈਂਸੀ ਵਿਚੋਂ ਗੋਲੀ ਚੱਲਣ ਨਾਲ ਇਕ ਪੁਲੀਸ ਦੀ ਇਸਤਰੀ ਦੀ ਮੌਤ ਦੇ ਕਾਰਨ ਇੰਗਲੈਂਡ ਨੇ ਡਿਪਲੋਮੈਟਿਕ ਨਾਤੇ ਤੋੜਨ ਦਾ ਐਲਾਨ ਕਰ ਦਿਤਾ । ਅੰਬੈਂਸੀ ਸਟਾਫ ਐਤਵਾਰ ਤੱਕ ਵਾਪਸ ਚਲਾ ਜਾਵੇਗਾ ।

# 'ਕੰਮ ਜਾਂ ਕੈਦ' ਅੰਦੋਲਨ ਦੇ ਅੰਤਲੇ ਦਿਨ ਨੌਜਵਾਨ ਵਾਲੰਟੀਅਰਾਂ 'ਤੇ ਸਖਤ ਲਾਠੀਚਾਰਜ — 1000 ਗ੍ਰਿਫਤਾਰ

ਨਵੀਂ ਦਿੱਲੀ — ਪੁਲਿਸ ਨੇ ਸਰਵ ਭਾਰਤ ਨੌਜੁਆਨ ਸਭਾ ਦੇ ਵਲੰਟੀਅਰਾਂ ਉਤੇ ਵਿਹਸ਼ੀਆਨਾ ਲਾਠੀ ਚਾਰਜ ਕੀਤਾ ਜੇਹੜੇ ਰਾਸ਼ਟਰਪਤੀ ਨੂੰ ਮੈਮੋਰੰਡਮ ਦੇਣ ਲਈ ਪੁਲਸ ਦਾ ਘੇਰਾ ਤੋੜ ਕੇ ਰਾਸ਼ਟਰਪਤੀ ਭਵਨ ਪੁਹੰਚਣ ਦੀ ਕੋਸ਼ਿਸ਼ ਕਰ ਰਹੇ ਸਨ।

'ਕੰਮ ਜਾਂ ਕੈਦ' ਅੰਦੋਲਨ ਵਿਚ ਨੌਜਵਾਨ ਸਭਾ ਦੇ ਵਾਲੰਟੀਅਰਾਂ ਨੇ ਆਪਣੇ ਪਾਰਲੀਮੈਂਟ ਮੂਹਰੇ ਤਿੰਨ ਦਿਨਾ ਵਿਖਾਵਿਆਂ ਦੇ ਸਿਲਸਿਲੇ ਵਿਚ ਅੰਤਮ ਦਿਨ ਪਾਰਲੀਮੈਂਟ ਮੂਹਰੇ ਭਾਰੀ ਮੁਜ਼ਾਹਰਾ ਕੀਤਾ ਅਤੇ ਫਿਰ ਰਾਸ਼ਟਰਪਤੀ ਨੂੰ ਆਪਣੀਆਂ ਮੰਗਾਂ ਦਾ ਮੈਮੋਰੰਡਮ ਦੇਣ ਲਈ ਰਾਸ਼ਟਰਪਤੀ ਭਵਨ ਜਾ ਰਹੇ ਸਨ ਜਿਥੇ ਜਾਣ ਤੋਂ ਪੁਲਿਸ ਨੇ ਉਹਨਾਂ ਨੂੰ ਰੋਕਿਆ । ਨੌਜੁਆਨ ਸਭਾ ਨੇ ਪੁਲੀਸ ਦਾ ਘੇਰਾ ਤੋੜ ਦਿਤਾ ਅਤੇ ਅੱਗੇ ਵਧਣ ਲਗੇ ਜਦੋਂ ਪੁਲੀਸ ਨੇ ਉਨ੍ਹਾਂ ਉਤੇ ਅੰਨ੍ਹੇਵਾਹ ਲਾਠੀ ਚਾਰਜ ਕੀਤਾ।

ਏਜੰਸੀਆਂ ਦੀਆਂ ਖਬਰਾਂ ਵਿਚ ਕਿਹਾ ਗਿਆ ਹੈ ਕਿ ਲਾਠੀ ਚਾਰਜ ਕਾਰਨ ਵਾਲੰਟੀਅਰਾਂ ਨੇ ਪੁਲੀਸ ਉਪਰ ਪਥਰਾਓ ਵੀ ਕੀਤਾ । ਲਾਠੀ ਚਾਰਜ ਵਿਚ ਨੌਜੁਆਨ ਸਭਾ ਦੇ ਅੱਧੀ ਦਰਜਨ ਤੋਂ ਵਧ ਵਾਲੰਟੀਅਰ ਫੱਟੜ ਹੋਏ ਜਦੋਂ ਕਿ ਡੇ ਕੁ ਪੁਲਸੀਆਂ ਨੂੰ ਵੀ ਮਾਮੂਲੀ ਸੱਟਾਂ ਲਗੀਆਂ ।

ਏਜੰਸੀਆਂ ਦੀਆਂ ਖਬਰਾਂ ਅਨੁਸਾਰ ਮੁਜ਼ਾਹਰੇ ਦੌਰਾਨ ਇਸ ਘਟਨਾ ਵਿਚ ਡੀ.ਟੀ.ਸੀ. ਦੀਆਂ ਲਗ ਭਗ ਇਕ ਦਰਜਨ ਬੱਸਾਂ ਅਤੇ ਇਕ ਪਾਣੀ ਦੀ ਟੈਂਕੀ ਨੂੰ ਵੀ ਨੁਕਸਾਨ ਪੁੱਜਾ।

ਡਿਪਟੀ ਪੁਲਸ ਕਮਿਸ਼ਨਰ ਬੀ.ਕੇ.ਗੁਪਤਾ ਅਨੁਸਾਰ ਲਗ ਭਗ 1000 ਵਲੰਟੀਅਰ ਗ੍ਰਿਫਤਾਰ ਕੀਤੇ ਗਏ। ਗ੍ਰਿਫਤਾਰ ਵਾਲੰਟੀਅਰਾਂ ਵਿਚ ਕੁਲ ਹਿੰਦ ਵਿਦਿਆਰਥੀ ਫੈਡਰੇਸ਼ਨ ਦੇ ਲੀਡਰ ਸ੍ਰੀਮਤੀ ਅਮਰਜੀਤ ਕੌਰ ਵੀ ਸ਼ਾਮਲ ਹਨ।

# ਨੌਜਵਾਨ ਭਾਰਤ ਸਭਾ ਦੇ ਆਗੂਆਂ ਨੂੰ ਧਮਕੀਆਂ

ਜਗਰਾਉਂ — ਪੰਜਾਬ ਦੇ ਖੂਨੀ ਅੱਤਵਾਦੀਆਂ ਵਲੋਂ ਹੁਣ ਨੌਜਵਾਨ ਭਾਰਤ ਸਭਾ ਦੇ ਸੂਬਾ ਸਕੱਤਰ ਸ੍ਰੀ ਮੇਘ ਰਾਜ ਤੇ ਹੋਰ ਕਈ ਆਗੂਆਂ ਨੂੰ ਕਤਲ ਕਰਨ ਦੀਆਂ ਧਮਕੀਆਂ ਦਿਤੇ ਜਾਣ ਦੀ ਸੂਚਨਾ ਮਿਲੀ ਹੈ।

ਸੂਬਾ ਕਮੇਟੀ ਮੈਂਬਰ ਸ੍ਰੀ ਗੁਰਮੇਲ ਸਿੰਘ 'ਮੇਲੂ' ਨੇ ਇਨ੍ਹਾਂ ਧਮਕੀਆਂ ਦੀ ਸਖਤ ਨਿਖੇਧੀ ਕੀਤੀ ਹੈ ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਫਿਰਕੂ ਜਨੂੰਨ ਦੇ ਵਿਰੁਧ ਇਨਕਲਾਬੀ ਤਾਕਤਾਂ ਜਮਹੂਰੀ ਜਥੇਬੰਦੀਆਂ ਤੇ ਇਨਸਾਫਪਸੰਦ ਸਖਸ਼ੀਅਤਾਂ ਨੂੰ ਆਪਣਾ ਏਕਾ ਅਤੇ ਸੰਘਰਸ਼ ਲਾਮਬੰਦ ਕਰਨ ਦੀ ਅਪੀਲ ਵੀ ਕੀਤੀ ਹੈ।

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address.......................................
City..............................................
Province.......................................
Postal code...................................
PHONE.

| | |
|---|---|
| One Year | 20 dollars |
| Two Year | 35 dollars |
| Three year | 50 dollars |
| Life membership | 200 dollars |
| ASIA | 80 dollars(a year) |
| U.S.A. | 25 dollars(a year) |
| Europe | 80 dollars(a year) |
| Africa | 80 dollars(a year) |




## General Tours and Travel Service

LOW LOW RATES TO : India, Pakistan, Bangladesh & Ceylon on Air India, Pakistan Airlines, Kuwait , Air France, KLM Or Any Airline of your choice.



## ASHOK PURI

261 KENNEDY STREET, WINNIPEG,
MANITOBA, R3C 1T2
Ph. [204]943-0596

# ਸਵ੍ਰ ਸਾਗਰ ਰੇਡੀਓ ਪ੍ਰੋਗਰਾਮ

ਸਵ੍ਰ ਸਾਗਰ ਪ੍ਰੋਗਰਾਮ ਨੂੰ ਸੁਣਨੋ ਨਾ ਭੁਲੋ

Ph.: 299-6767 Or 253-7596 24 hours. Pager 9090

ਹਿੰਦੀ ਅਤੇ ਪੰਜਾਬੀ ਦਾ ਹਰਮਨ ਪਿਆਰਾ ਰੇਡੀਓ ਪ੍ਰੋਗਰਾਮ

ਹਰ ਐਤਵਾਰ ਸਵੇਰੇ ਤੇ ਸ਼ਾਮ

ਰੇਡੀਓ ਤੇ ਸੀ. ਜੇ. ਸੀ(CJJC 800 AM DIAL)

Sunday Entertainment:

ਹਰ ਐਤਵਾਰ
ਸਵੇਰੇ
10⁰⁵ ਤੋਂ 11⁰⁰

ਹਰ ਐਤਵਾਰ
ਸ਼ਾਮ
7⁰⁵ ਤੋਂ 8⁰⁰



Producer
Manjit Virdi

AUDIO VIDEO SUPER SALE

# CANADIAN SURPLUS INC.

**VALLEY WEST SHOPPING CENTRE**
**19535 FRASER HWY, SURREY**
**530-1211**
OPEN 7 DAYS A WEEK




**SANYO'S SPORTSTER AM/FM STEREO CASSETTE PLAYER** • ultra compact styling • AM/FM removeable tuner pack • Dolby • Metal Tape Capable • Anti Rolling Mechanism

**$144.95**



**8 HOUR VIDEO CASSETTE RECORDER** with 8 function remote; front load, microcomputer-controlled power assist drive.
OUR PRICE
**$589.95**





**SANYO'S AM/FM STEREO RADIO**
HI-LOW TONE CONTROL• LIGHTWEIGHT STEREO HEADPHONE• BELT CUP•
OUR PRICE
**$38.95**



**ROTARY 4 HEAD VIDEO** System; 8 Hour Recording with 10 function remote control; front loading
OUR PRICE
**$899.95**



**MAGNAVOX VR8280BK**
**Deluxe Chromavue Colour Video Sound Camera with Newvicon Tube**
- Infrared automatic focus
- Stereo sound capability
- Electronic viewfinder
- f1.4 lens with macro function
- Variable speed 8× power zoom
- Built-in remote control
- Full keypad direct access character generator
- Stand-by switch

VR8280BK OUR PRICE **$1299.95**



VR8440BK

OUR PRICE **$1449.95**

**MAGNAVOX VR8440BK**
**8-Hour Deluxe Video Cassette Recorder**
- Rotary 4-head helical scan
- Front load design
- 128 channel frequency synthesized random access tuning
- Stereo capability
- 16-function infrared remote control
- Dolby noise reduction system
- Memory power back-up
- Transition editing
- Sound with sound recording



VR8480BK

**MAGNAVOX VR8480BK**
**Lightweight 4-Head Stereo Portable Video Cassette Recorder**
- Dolby noise reduction system
- Field fine special effects
- 14 position electronic tuner
- 14 day/4 event timer
- 16 function infrared remote
- Battery remainder indicator
- One touch record
- 105 channel capability

OUR PRICE **1499.95**



RD4960PE

OUR PRICE **$1099.95**

**MAGNAVOX RD4960PE**
**26" Diagonal Console Computer Colour 330 TV**
- MX/300 chassis
- 100° in-line matrix tube
- Digital control programmable scan tuning
- High resolution filter
- Videomatic
- Automatic AFT
- 125 channel capability
- Bass and treble controls
- 17-button IR remote
- Hi-fi sound (7 watts)
- Two 5¼" speakers
- Stereo/SAP jack
- RF switcher

**SANYO**



62C504 OUR PRICE **$1249.95**



RD4950PE

**MAGNAVOX RD4950PE**
**26" Diagonal Console Automatic AFT Colour TV**
- MX/300 chassis
- 100° in-line matrix tube
- Digital control programmable scan tuning
- 125 channel capability
- 17-button IR remote
- Efficient 4"×6" speaker
- Stereo/SAP jack
- RF switcher
- Contemporary styling

OUR PRICE **$999.95**



**SANYO**
PERSONAL CASSETTE PLAYER
•includes lightweight stereo headphones
•handy shoulder strap
OUR PRICE
**$37.49**



OUR PRICE
**$1149.95**

SHOPE BY PHONE. USE YOUR

•PRICES IN EFFECT TILL JUNE 30, 1984. WHILE QUANTITIES LAST.
•WE STRIVE FOR ACCURACY IN OUR ADVERTISING HOWEVER, WE CANNOT BE RESPONSIBLE FOR ANY TYPOGRAPHICAL ERRORS OR OMISSIONS.
•OAC MEANS ON APPROVED CREDIT.
•QUANTITIES ARE LIMITED ALSO SUBJECT TO PRIOR SALE
*NOT EXACTLY AS ILLUSTRATED.

**FINANCING AVAILABLE ON APPROVED CREDIT AT RATES THAT MAKE RENTING**

# ਧਾਰਮਿਕ ਦਰਪਣ

## ਗੁਰੂ ਦਾ ਮਹੱਤਵ

**ਮੇਹਰ ਸਿੰਘ ਸੰਧੂ, ਵੈਨਕੂਵਰ**

ਭਰਮੁ ਉਪਾਇ ਭੁਲਾਈਨੁ ਆਪੇ ਤੇਰਾ ਕਰਮੁ ਹੋਆ ਤਿਨ ਗੁਰੂ ਮਿਲਿਆ।
(ਆਸਾ ਮਹਲਾ 2, ਪੰਨਾ 433)

ਅਰਥ ; ਭਰਮ ਪੈਦਾ ਕਰਕੇ ਤੂੰ ਆਪ ਹੀ ਦੁਨੀਆਂ ਨੂੰ ਭੁਲਾਇਆ ਹੈ, ਪਰ ਜਿਨ੍ਹਾਂ ਉਤੇ ਤੇਰੀ ਮਿਹਰ ਹੋਈ ਹੈ, ਉਨ੍ਹਾਂ ਨੂੰ ਗੁਰੂ ਮਿਲ ਜਾਂਦਾ ਹੈ।

## ਗੁਰੂ ਦਾ ਮਹੱਤਵ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮੁਚਾ ਉਪਦੇਸ਼ "ਗੁਰੂ" ਸ਼ਬਦ ਦੁਆਲੇ ਘੁੰਮਦਾ ਹੈ। ਗੁਰੂ ਸਾਹਿਬ ਅਨੁਸਾਰ ਜਗਤ ਦੇ ਸਭ ਮਤਾਂਤਰ "ਗੁਰਮਤ" ਅਤੇ "ਮਨਮਤ" ਦੀ ਮੂਲ ਵੰਡ ਵਿਚ ਵੰਡੇ ਜਾ ਸਕਦੇ ਹਨ। ਇਸੇ ਤਰ੍ਹਾਂ ਸੰਸਾਰ ਵਿਚ ਭੀ ਦੋ ਹੀ ਤਰ੍ਹਾਂ ਦੇ ਵਿਅਕਤੀ 'ਗੁਰਮੁਖ' ਅਤੇ 'ਮਨਮੁਖ' ਹਨ।

ਮੈਨੂੰ ਪੂਰਾ ਅਹਿਸਾਸ ਹੈ ਕਿ ਇਹ ਮਸਲਾ ਬਹੁਤ ਸੂਖਮ ਹੈ ਅਤੇ ਇਸ ਨਾਲ ਪਰੰਪਰਾ ਤੋਂ ਚਲੇ ਆ ਰਹੇ ਭਾਵ ਅਤੇ ਵਿਚਾਰ ਬੱਝੇ ਹੋਏ ਹਨ, ਪਰ ਇਸ ਗੱਲ ਉਤੇ ਤਾਂ ਸਭ ਸਹਿਮਤ ਹੋਣਗੇ ਕਿ ਇਸ ਮਹੱਤਵਪੂਰਣ ਮਸਲੇ ਬਾਰੇ ਨਿਰਪੱਖ, ਦਲੀਲ ਭਰੇ ਤੇ ਉਦਾਰਤਾ ਭਰਪੂਰ ਢੰਗ ਨਾਲ ਵਿਚਾਰ ਕਰਨਾ ਹਰ ਇਕ ਲਈ ਲਾਭਦਾਇਕ ਹੋਵੇਗਾ। ਸੱਚ ਤੋਂ ਅੱਖਾਂ ਮੀਟੀ ਰੱਖਣਾ ਦੂਜਿਆਂ ਤੋਂ ਵੱਧ ਆਪਣੇ ਆਪ ਨਾਲ ਬੇਇਨਸਾਫੀ ਕਰਨਾ ਹੈ। ਸੱਚ ਦੇ ਖੋਜੀ ਦਾ ਹਿਰਦਾ ਨਾ ਕੇਵਲ ਈਰਖਾ, ਕੱਟੜਤਾ ਅੰਧ ਵਿਸ਼ਵਾਸ਼ ਤੋਂ ਪਾਕ ਹੋਣਾ ਚਾਹੀਦਾ ਹੈ ਸਗੋਂ ਉਸ ਵਿਚ ਸੱਚ ਨੂੰ ਸਮਝ ਕੇ ਇਸ ਨੂੰ ਗ੍ਰਹਿਣ ਕਰਨ ਦੀ ਦਲੇਰੀ ਵੀ ਹੋਣੀ ਚਾਹੀਦੀ ਹੈ।

ਸਰਦਾਰ ਸੰਤੋਖ ਸਿੰਘ ਜੀ ਨੇ 1976 ਵਿਚ 'ਗੁਰੂ' ਬਾਬਤ ਕੁਝ ਵਿਚਾਰ, ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਹਵਾਲੇ ਦੇ ਦੇ ਕੇ ਪ੍ਰਕਾਸ਼ਤ ਕੀਤੇ ਸਨ, ਜਿਨ੍ਹਾਂ ਵਿਚੋਂ ਕੁਝ ਆਪਜੀ ਦੇ ਵਿਚਾਰ ਗੋਚਰੇ ਰਖਦਾ ਹਾਂ।

ਮਨੁੱਖ ਦਾ ਜਨਮ ਮਨੋਰਥ ਗੋਬਿੰਦ ਮਿਲਣ ਹੈ —

ਭਾਈ ਪਰਾਪਤਿ ਮਾਨੁੱਖ ਦੇਹੁਰੀਆ
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ। (12)

ਮੰਨੀ ਹੋਈ ਗੱਲ ਹੈ ਕਿ ਸਹੀ ਸਲਾਮਤੀ ਨਾਲ ਮੰਜ਼ਲ ਤੇ ਪਹੁੰਚਣ ਲਈ ਕਿਸੇ ਅਜਿਹੇ ਰਹਿਬਰ ਦੀ ਲੋੜ ਹੁੰਦੀ ਹੈ, ਜਿਸ ਨੂੰ ਉਸ ਰਸਤੇ ਦੀ ਪੂਰੀ ਜਾਣਕਾਰੀ ਹੋਵੇ, ਆਪ ਉਧਰੋਂ ਲੰਘਿਆ ਹੋਵੇ ਅਤੇ ਹੋਰਨਾਂ ਨੂੰ ਠੀਕ ਤਰ੍ਹਾਂ ਟਿਕਾਣੇ ਪਹੁੰਚਾ ਸਕਦਾ ਹੋਵੇ। ਅਜਿਹੇ ਰਹਿਬਰ ਨੂੰ ਗੁਰੂ ਕਿਹਾ ਹੈ!

ਇਸ ਵਿਚ ਸ਼ੰਕਾ ਨਹੀਂ ਕਿ ਗੁਰੂ ਬਿਨਾਂ ਗੋਬਿੰਦ ਮਿਲਣ ਨਹੀਂ ਹੋ ਸਕਦਾ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸਬੰਧੀ ਅਨੇਕ ਪ੍ਰਮਾਣ ਮਿਲਦੇ ਹਨ, ਜਿਹਾ ਕਿ —

ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ। (535)

ਗੁਰੂ ਬਿਨਾਂ ਗਿਆਨ ਨਹੀਂ —

ਮਾਈ ਗੁਰ ਬਿਨੁ ਗਿਆਨੁ ਨ ਪਾਈਐ। (532)

ਗੁਰੂ ਭੇਟੇ ਬਿਨਾਂ ਮੁਕਤੀ ਨਹੀਂ —

ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ। (946)

ਗੁਰੂ ਬਿਨਾਂ ਸੈਂਕੜੇ ਚੰਨ ਤੇ ਹਜ਼ਾਰਾਂ ਸੂਰਜ ਹੁੰਦਿਆਂ ਵੀ (ਅਗਿਆਨ) ਹਨੇਰਾ ਦੂਰ ਨਹੀਂ ਹੋ ਸਕਦਾ —

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
ਏਤੇ ਚਾਨਣ ਹੋਂਦਿਆਂ ਗੁਰ ਬਿਨ ਘੋਰ ਅੰਧਾਰ। (463)

ਇਸ ਮਾਰਗ ਤੋਂ ਅਨਜਾਣ ਲੋਕ ਖਪ ਖਪ ਮਰ ਗਏ ਪਰ ਗੁਰੂ ਬਿਨਾਂ ਕਿਸੇ ਨੂੰ ਪ੍ਰਾਪਤੀ ਨ ਹੋਈ —

ਬਿਨੁ ਗੁਰ ਕਿਨੈ ਨ ਪਾਇਓ ਪਚਿ ਮੁਏ ਅਜਾਣੀ। (515)

ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :—

ਸਤਿਗੁਰ ਬਿਨਾਂ ਨ ਸੋਝੀ ਪਾਈ।
ਗੁਰ ਪੂਰੇ ਵਿਣੁ ਹਰਿ ਨ ਪਰਚੇ। (15)

ਲੱਕੜੀ ਵਿਚ ਅੱਗ ਹੁੰਦੀ ਤਾਂ ਹੈ, ਪਰ ਜੁਗਤੀ ਤੋਂ ਬਿਨਾਂ ਪ੍ਰਗਟ ਨਹੀਂ ਹੋ ਸਕਦੀ। ਉਸੇ ਤਰ੍ਹਾਂ ਭਾਵੇਂ ਹਰੀ ਦੀ ਜੋਤਿ ਸਭ ਥਾਂ ਪੱਸਰ ਰਹੀ ਹੈ, ਫਿਰ ਵੀ ਗੁਰੂ ਦੀ ਮੱਤ ਤੋਂ ਬਿਨਾਂ ਅਨੁਭਵ ਨਹੀਂ ਕੀਤੀ ਜਾ ਸਕਦੀ —

ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ।
ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ। (1323)

ਗੋਬਿੰਦ ਦੇ ਦਰ ਦੀ ਕੁੰਜੀ ਗੁਰੂ ਪਾਸ ਹੁੰਦੀ ਹੈ, ਹੋਰ ਕਿਸੇ ਤਰ੍ਹਾਂ ਉਹ ਦਰ ਖੁਲ੍ਹ ਨਹੀਂ ਸਕਦਾ। ਪੂਰੇ ਭਾਗ ਹੋਣ ਤਾਂ ਹੀ ਪ੍ਰਾਪਤੀ ਹੋ ਸਕਦੀ ਹੈ —

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੇ ਭਾਗਿ ਮਿਲਾਵਣਿਆ। (124)
ਗੁਰੂ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ। (1217

ਸ੍ਰੀ ਗੁਰੂ ਅਮਰ ਦਾਸ ਜੀ ਦਾ ਫੁਰਮਾਨ ਹੈ —

ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ। (88)

ਭਾਈ ਵੀਰ ਸਿੰਘ ਜੀ ਨੇ ਇਸ ਦਾ ਅਰਥ ਇਵੇਂ ਕੀਤਾ ਹੈ :—
(ਜੇ ਕੋਈ) ਪ੍ਰਕਾਸ਼ ਸਰੂਪ ਆਤਮ (ਪਰਮਾਤਮਾ) ਦੀ ਪੂਜਾ ਕਰੇ (ਆਪਣੇ ਆਪ ਪਰਮਾਤਮਾ ਨੂੰ ਪੂਜੀਏ ਬੀ ਤਾਂ ਬੀ) ਸਤਿਗੁਰੂ (ਦੇ ਉਪਦੇਸ਼ ਦਿਤੇ) ਬਿਨ (ਉਸਦੀ) ਸੋਝੀ ਨਹੀਂ ਪੈਂਦੀ (ਭਾਵ ਲਖਤਾ ਪ੍ਰਾਪਤ ਨਹੀਂ ਹੁੰਦੀ)। ਗੁਰੂ ਅਮਰ ਦਾਸ ਜੀ ਦੇ ਇਕ ਹੋਰ ਫਰਮਾਨ ਵਿਚੋਂ ਤੁਕ ਹੈ —

ਪਾਠੁ ਪੜੈ ਨ ਬੂਝਈ ਭੇਖੀ ਭਰਮਿ ਭੁਲਾਇ। (67)

ਭਾਈ ਸਾਹਿਬ ਨੇ ਇਸ ਦਾ ਅਰਥ ਕੀਤਾ ਹੈ ;
'ਨਾ (ਨਿਰੇ ਆਪ ਕੀਤੇ) ਪਾਠਾਂ ਦੇ ਪੜ੍ਹਨ ਨਾਲ (ਉਸਦੀ) ਸੋਝੀ ਪੈਂਦੀ ਹੈ, ਭੇਖਾਂ ਦੇ (ਧਾਰਨ ਕਰਨੇ) ਨਾਲ ਭਰਮਾਂ ਵਿਚ ਭੁਲੇ ਰਹੀਦਾ ਹੈ।'

ਬਹੁਤ ਕਰਕੇ ਮਨੁੱਖ ਆਪਣੀ ਅਕਲ ਹਿੰਮਤ, ਵਿਦਿਆ ਉਤੇ ਭਰੋਸਾ ਕਰਦਾ ਹੋਇਆ ਸਮਝਦਾ ਹੈ ਕਿ ਮੈਂ ਆਪ ਸਿੱਧਾ ਹੀ ਆਪਣੇ ਉਪਰਾਲੇ ਜਾਂ ਯਤਨ ਨਾਲ ਪ੍ਰਭੂ ਤੱਕ ਪੁੱਜ ਸਕਦਾ ਹਾਂ। ਗੁਰੂ ਜੀ ਦਾ ਵਿਚਾਰ ਹੈ ਕਿ ਨਿਰੇ ਆਪਣੇ ਯਤਨਾਂ, ਉਪਾਵਾਂ ਨਾਲ ਗੋਬਿੰਦ ਮਿਲਣ ਨਹੀਂ ਹੋ ਸਕਦਾ —

ਉਪਾਇ ਨ ਕਿਤੀ ਪਾਇਆ ਜਾਏ। (127)

ਮਨੁੱਖੀ ਸਿਆਣਪਾਂ, ਚਤੁਰਾਈਆਂ ਕਾਰਗਰ ਨਹੀਂ ਹੋ ਸਕਦੀਆਂ —

ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ।
(573)

ਇਤਿਹਾਸ ਵਿਚ ਅਜੇਹੀਆਂ ਅਨੇਕ ਮਿਸਾਲਾਂ ਹਨ, ਕਿ ਬਹੁਤੇਰਿਆਂ ਨੇ ਕੋਸ਼ਿਸ਼ਾਂ ਕੀਤੀਆਂ ਪਰ ਗੁਰੂ ਬਿਨਾਂ ਕਿਸੇ ਨੂੰ ਪ੍ਰਾਪਤੀ ਨ ਹੋ ਸਕੀ —

ਖੋਜ ਅਸੰਖਾਂ ਅਨਿਕਤ ਪੰਥਾ ਬਿਨੁ ਗੁਰ ਨਹੀਂ ਪਹੂਚਾ। (534)

ਜੇ ਆਪਣੀਆਂ ਕੋਸ਼ਿਸ਼ਾਂ ਨਾਲ ਗੋਬਿੰਦ ਮਿਲਣ ਹੋ ਸਕਦਾ ਹੁੰਦਾ ਤਾਂ ਜੋ ਵਿਛੜੇ ਹੋਏ ਹਨ, ਉਹ ਕਿਉਂ ਪਏ ਰੋਣ ? —

ਆਪਣ ਲੀਆ ਜੇ ਮਿਲੈ ਵਿਛੁੜਿ ਕਿਉਂ ਰੋਵੰਨਿ। (134)

ਹਿੰਦੂ ਮਤ ਦੇ ਇਤਿਹਾਸ ਵੱਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਮਹਾਰਾਜ ਨੇ ਗੁਰੂ ਧਾਰਨ ਕੀਤੇ। ਇਸ ਦਾ ਕਾਰਨ ਇਹ ਨਹੀਂ ਸੀ ਕਿ ਉਨ੍ਹਾਂ ਨੂੰ ਅਜੇ ਹੋਰ ਪ੍ਰਾਪਤੀ ਦੀ ਲੋੜ ਸੀ। ਇਹ ਦੁਨੀਆਂ ਨੂੰ ਇਕ ਮੁਢਲੇ ਅਸੂਲ ਦੀ ਸਿਖਿਆ ਸੀ ਕਿ ਹਰ ਕਿਸੇ ਲਈ ਗੁਰੂ ਧਾਰਣਾ ਜ਼ਰੂਰੀ ਹੈ। ਇਹ ਇਕ ਜ਼ਰੂਰੀ ਮਰਯਾਦਾ ਕਾਇਮ ਕਰਨਾ ਸੀ —

ਗੁਰ ਸੇਵਾ ਆਪਿ ਹਰ ਭਾਵੇ।
ਕ੍ਰਿਸ਼ਨ ਬਲ ਭਦ੍ਰ ਗੁਰ ਪਗ ਲਗਿ ਧਿਆਵੈ (165)

ਆਮ ਵਰਤੋਂ ਵਿਚ ਸਿੱਖਣ ਵਾਲੇ ਨੂੰ 'ਸਿੱਖ' ਕਿਹਾ ਜਾਂਦਾ ਹੈ। ਜੇ ਸਿਖਿਆ ਦੇਣ ਵਾਲਾ ਕੋਈ ਨ ਹੋਵੇ, ਤਾਂ ਸਿੱਖ ਕਿਵੇਂ ਹੋ ਸਕਦਾ ਹੈ ? ਸਿਖਿਆ ਦਾਤੇ ਗੁਰੂ ਤੋਂ ਬਿਨਾਂ ਸਿੱਖ ਦੀ ਕੋਈ ਹਸਤੀ ਨਹੀਂ, ਉਹ ਨਾ ਮੁਕੰਮਲ ਜਾਂ ਅਧੂਰਾ ਹੈ ਨਿਗੁਰਾ, ਅਵਗੁਣਾਂ ਵਿਚ ਫਸਿਆ ਚੋਟਾਂ ਖਾਂਦਾ ਹੈ, ਉਸ ਦੀ ਗਤੀ ਨਹੀਂ ਹੁੰਦੀ —

ਨਿਗੁਰੇ ਕਉ ਗਤਿ ਕਾਈ ਨਾ ਹੀ।
ਅਵਗੁਣਿ ਮੁਠੇ ਚੋਟਾ ਖਾਹੀ। (361)

ਇਹ ਮੰਨਿਆ ਪ੍ਰਮੰਨਿਆ ਸਿਧਾਂਤ ਹੈ ਕਿ ਜਦ ਸੰਸਾਰ ਵਿਚ ਬਹੁਤ ਅਪਰਾਧ ਹੋਣ ਲੱਗ ਪੈਂਦੇ ਹਨ, ਤਾਂ ਅਕਾਲ ਪੁਰਖ ਕਿਸੇ ਮਹਾਨ ਹਸਤੀ ਨੂੰ ਮਨੁੱਖਾ ਦੇਹ ਵਿਚ ਭੇਜਦਾ ਹੈ। ਸ੍ਰੀ ਮਦ ਭਾਗਵਤ ਗੀਤਾ ਵਿਚ ਵੀ ਇਸ ਸੰਬੰਧੀ ਸ੍ਰੀ ਕ੍ਰਿਸ਼ਨ ਜੀ ਦਾ ਕਥਨ ਮਿਲਦਾ ਹੈ। ਬਿਚਿਤ੍ਰ ਨਾਟਕ ਵਿਚ ਆਇਆ ਹੈ —

ਹਮ ਇਹ ਕਾਜ ਜਗਤ ਮੋ ਆਯੇ, ਧਰਮ ਹੇਤ ਗੁਰਦੇਵ ਪਠਾਯੇ
ਜਹਾਂ ਤਹਾਂ ਤੁਮ ਧਰਮ ਬਿਥਾਰੋ, ਦੁਸਟ ਦੋਖੀਅਨ ਪਕਰ ਪਛਾਰੋ।

ਭਾਈ ਗੁਰਦਾਸ ਜੀ ਦੇ ਕਥਨ ਹਨ —

ਵਰਤਿਆ ਪਾਪੁ ਜਗਤ ਤੇ ਧਉਲ ਉਡੀਣਾ ਨਿਸਿਦਿਨਿ ਰੋਆ। (1:22)
ਸੁਣੀ ਪੁਕਾਰਿ ਦਾਤਾਰ ਪ੍ਰਭੂ ਗੁਰੂ ਨਾਨਕ ਜਗ ਮਾਹਿ ਪਠਾਇਆ। (1:23)

ਹਰ ਜੁਗ ਵਿਚ ਅਵਤਾਰ ਹੁੰਦੇ ਆਏ ਹਨ —

ਜੁਗਹੁ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ। (423)

ਹਰ ਜੁਗ ਵਿਚ ਭਗਤ ਵੀ ਹੁੰਦੇ ਆਏ ਹਨ —

ਜੁਗਿ ਜੁਗਿ ਭਗਤਾਂ ਕੀ ਰਖਦਾ ਆਇਆ। (1133)

ਜੁਗਾਂ ਜੁਗਾਂ ਵਿਚ ਸੰਤ ਵੀ ਹੋਏ ਹਨ —

ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ। (1025)

ਅਕਾਲ ਉਸਤਤਿ ਵਿਚ — ਕਈ ਰਾਮ ਕਿਸ਼ਨ ਰਸੂਲ, ਕਹੇ ਹਨ।

ਵੇਦਾਂ ਅਤੇ ਗੁਰੂ ਸਾਹਿਬਾਂ ਤੋਂ ਪਹਿਲਾਂ ਹੋਏ ਭਗਤਾਂ ਦੀ ਬਾਣੀ ਵਿਚ ਗੁਰੂ ਪਦ ਦੀ ਵਰਤੋਂ ਹੈ। ਸ਼ੇਖ ਬਾਬਾ ਫਰੀਦ ਜੀ ਦਾ ਉਚਾਰਨ ਹੈ —

ਜੋ ਗੁਰੁ ਦਸੇ ਵਾਟ ਮੁਰੀਦਾ ਜੋਲੀਐ। (488)

ਕਬੀਰ ਜੀ ਦੇ ਫੁਰਮਾਨਾਂ ਵਿਚੋਂ —

ਸਤਿਗੁਰੁ ਜਾਗਤਾ ਹੈ ਦੇਉ। (479)
ਸਤਿਗੁਰ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ। (334)

ਭਗਤ ਰਾਮਾ ਨੰਦ ਜੀ ਦਾ ਕਥਨ ਹੈ —

ਗੁਰ ਕਾ ਸਬਦੁ ਕਾਟੈ ਕੋਟਿ ਕਰਮ। (1195)

ਭਗਤ ਨਾਮਦੇਵ ਜੀ ਨੇ ਕਿਹਾ ਹੈ —

ਸਤਿਗੁਰੁ ਮਿਲੈ ਤਾਂ ਸਹਸਾ ਜਾਈ।
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ। (525)

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਵੀ ਗੁਰੂ ਪਦ ਆਇਆ ਹੈ —

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ।
(486)

ਇਹ ਸਪਸ਼ਟ ਹੈ ਕਿ ਭਗਤਾਂ ਦੀ ਬਾਣੀ ਵਿਚ ਗੁਰੂ ਤੋਂ ਭਾਵ ਦਸ ਗੁਰੂ ਸਾਹਿਬਾਨ ਤੋਂ ਨਹੀਂ ਹੋ ਸਕਦਾ।

ਦਸਾਂ ਗੁਰੂ ਸਾਹਿਬਾਨ ਤੇ ਹੋਰ ਸਾਧ ਸੰਤ, ਭਗਤ, ਗੁਰੂ ਅਵਤਾਰ ਆਦਿ ਜੋ ਹੋਰ ਹੋਰ ਜੁਗਾਂ ਵਿਚ ਆਉਂਦੇ ਰਹੇ ਹਨ, ਉਹ ਨਿਰ-ਸੰਦੇਹ ਦੇਹ ਧਾਰੀ ਹੀ ਹਨ। ਇਨ੍ਹਾਂ ਤੋਂ ਉਪਰੰਤ ਉਹ ਮਹਾਂ ਪੁਰਸ਼, ਜਿਨ੍ਹਾਂ ਦਾ ਮਸੀਹ, ਰਸੂਲ, ਵਲੀ ਪੀਰ ਆਦਿ ਦੇ ਨਾਵਾਂ ਨਾਲ ਸਤਿਕਾਰ ਕੀਤਾ ਜਾਂਦਾ ਹੈ, ਉਹ ਵੀ ਮਨੁੱਖਾ ਦੇਹ ਵਿਚ ਹੀ ਹੋਏ ਹਨ।

ਜਦੋਂ ਵੀ ਕੋਈ ਗੁਰੂ, ਅਵਤਾਰ, ਮਸੀਹ, ਪੈਗੰਬਰ, ਭਗਤ, ਨਿਰੰਕਾਰ ਦਾ ਸੰਦੇਸ਼ਾਂ ਲੈ ਕੇ ਜਗਤ ਤੇ ਆਉਂਦਾ ਹੈ, ਉਹ ਜਨਮ ਮਰਣ ਨਹੀਂ —

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰ ਉਪਕਾਰੀ ਆਏ।
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ। (719)
ਗੁਰਮੁਖਿ ਆਵੈ ਜਾਇ ਨਿਸੰਗੁ। (932)

ਦੇਹ ਧਾਰੀ ਗੁਰੂ ਸਬੰਧੀ, ਸ੍ਰੀ ਗੁਰੂ ਰਾਮ ਦਾਸ ਦਾ ਫੁਰਮਾਨ ਹੈ —

ਧਨੁ ਧਨੁ ਪਿਤਾ ਧਨੁ ਧਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ। (310)

ਹੋਰ ਫੁਰਮਾਨ ਹੈ :—

ਧਨੁ ਸੁ ਵੰਸੁ ਧਨੁ ਸੋ ਪਿਤਾ ਧਨ ਸੁ ਮਾਤਾ ਜਿਨਿ ਜਨ ਜਣੇ। (1135)
ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧਨੁ ਗੁਰੂ ਕਾ ਪਿਤਾ ਮਾਤਾ
(592)

ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਲਿਖਿਆ ਹੈ —

ਗੁਰੂ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ।
(612)
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੂ ਨਾਨਕ ਦੇਉ। (150)

ਭਾਈ ਗੁਰਦਾਸ ਜੀ ਦਾ ਕਥਨ ਹੈ —

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਇਆ। (1:27)

ਸੁਖਮਨੀ ਸਾਹਿਬ — ਆਦਿ ਗੁਰਏ ਨਮਹ। ਜੁਗਾਦਿ ਗੁਰਏ ਨਮਹ। ਸਤਿਗੁਰਏ ਨਮਹ। ਸ੍ਰੀ ਗੁਰੂ ਦੇਵਏ ਨਮਹ। (262) ਨਾਲ ਸ਼ੁਰੂ ਹੁੰਦੀ ਹੈ। ਭਾਈ ਵੀਰ ਸਿੰਘ ਜੀ ਨੇ ਸੰਥਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਚਉਥੀ, ਪੰਨਾ 1653 ਤੇ ਇਸ ਸਲੋਕ ਨੂੰ ਪਹਿਲੇ ਚਾਰ ਗੁਰੂ ਸਾਹਿਬਾਂ ਦਾ ਮੰਗਲ ਲਿਖਿਆ ਹੈ ਅਤੇ ਫੁਟ ਨੋਟ ਵਿਚ ਭਾਵ ਇਹੋ ਸਪਸ਼ਟ ਕਰਨ ਦਾ ਜਤਨ ਕੀਤਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰ ਦੇਵ ਜੀ ਨੂੰ ਸਤਿਗੁਰ ਕਿਹਾ ਹੈ —

ਸਚੁ ਸਚਾ ਸਤਿਗੁਰੁ ਅਮਰ ਹੈ ਜਿਸ ਅੰਦਰਿ ਹਰਿ ਉਰਧਾਰਿਆ। (310)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰੀ ਨੂੰ (ਸ੍ਰੀ ਗੁਰੂ) ਰਾਮਦਾਸ ਕਿਹਾ ਹੈ —

ਹਰਿ ਜੀਉ ਨਾਮੁ ਪਰਿਓ ਰਾਮਦਾਸ। (612)

ਨਿਰੰਕਾਰ ਨਿਰਗੁਣ ਹੈ ਪਰ ਸਰਗੁਣ ਵੀ ਹੋ ਸਕਦਾ ਹੈ —

ਨਿਰਗੁਣ ਸਰਗੁਣ ਆਪੇ ਸੋਈ। (128)
ਸੂਖਮ ਅਸਥੂਲ ਸਗਲ ਭਗਵਾਨ। (299)

ਭਾਈ ਗੁਰਦਾਸ ਜੀ ਨੇ ਕਿਹਾ ਹੈ —

ਨਿਰਗੁਣ ਸੰਤਿਗੁਰੂ ਵਿਰਲਾ ਕੋ ਗੁਰ ਸ਼ਬਦ ਸਮਾਸੀ (40:21)

ਇਸ ਵਿਚਾਰ ਨੂੰ ਸਮਝਾਉਣ ਲਈ ਜਲ ਤੇ ਜਲ ਦੀਆਂ ਲਹਿਰਾਂ ਦਾ ਦ੍ਰਿਸ਼ਟਾਂਤ ਵਰਤਿਆ ਜਾਂਦਾ ਹੈ —

ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਰਨ ਸੁਨਨ ਕਉ ਦੂਜਾ। (1252)
ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖਲਈਆ।
ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ।
(835)

ਗੁਰੂ, ਸਤਿਗੁਰੂ, ਸਾਧ, ਸੰਤ, ਅਵਤਾਰ, ਮਸੀਹ ਰਸੂਲ ਆਦਿ ਸਮੁੰਦ੍ਰ ਸਾਗਰ ਦੀਆਂ ਛੱਲਾਂ ਵਾਂਗ ਹੁੰਦੇ ਹਨ। ਛੱਲਾਂ ਸਾਗਰ ਦਾ ਭਾਗ ਹੁੰਦੀਆਂ ਵੀ ਵੱਖਰੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਮੁੜ ਵਿਚੇ ਸਮਾ ਜਾਂਦੀਆਂ ਹਨ —

ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈਂ
ਪਾਨਿ ਕੇ ਤਰੰਗ ਸਭੈ ਪਾਨਿ ਹੀ ਕਹਾਂਹਿਗੇ। (ਅਕਾਲ ਉਸਤਤਿ)
ਹਰਿ ਹਰਿ ਜਨ ਦੁਇ ਏਕ ਹੈ ਬਿਬ ਵਿਚਾਰ ਕਛੁ ਨਾਹਿ।
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੇ ਸਮਾਹਿ।

ਠੀਕ ਇਸੇ ਤਰ੍ਹਾਂ ਜਦ ਮਹਾਂ ਪੁਰਸ਼ ਜਗਤ ਦੇ ਉਧਾਰ ਲਈ ਦੇਹ ਧਾਰਦੇ ਹਨ ਤਾਂ ਨਜਰੀਂ ਮਨੁਖ ਹੀ ਆਉਂਦੇ ਹਨ, ਪਰ ਉਨ੍ਹਾਂ ਦੇ ਹਿਰਦੇ ਵਿਚ ਨਿਰੰਕਾਰ ਵਸ ਰਿਹਾ ਹੁੰਦਾ ਹੈ। ਭਾਵ ਉਨ੍ਹਾਂ ਦੇ ਅਤੇ ਨਿਰੰਕਾਰ ਦੇ ਗੁਣ ਇਕੋ ਹੁੰਦੇ ਹਨ। ਭਾਈ ਗੁਰਦਾਸ ਜੀ ਨੇ ਭਗਤ ਕਬੀਜ ਜੀ ਤੇ ਰਾਮ ਨੂੰ ਇਕੋ ਕਿਹਾ

ਰਾਮ ਕਬੀਰੇ ਭੇਦੁ ਨ ਭਾਈ। (10:15)
ਗੁਰੂ ਗੋਬਿੰਦ ਗੋਬਿੰਦ ਗੁਰੂ ਹੈ ਨਾਨਕ ਭੇਦੁ ਨਾ ਭਾਈ। (442)

ਭਾਈ ਗੁਰਦਾਸ ਜੀ ਨੇ ਵੀ ਕਿਹਾ ਹੈ —

ਗੁਰੂ ਗੋਬਿੰਦ ਗੋਬਿੰਦ ਗੁਰੂ ਜੋਤਿ ਇਕ ਦੁਇ ਨਾਮ ਧਰਾਇਆ। (24:24)

ਜਿਵੇਂ ਗੁਰੂ ਤੇ ਗੋਬਿੰਦ ਇਕੋ ਕਹੇ ਹਨ, ਉਸੇ ਤਰ੍ਹਾਂ ਸਾਧੂ ਤੇ ਪ੍ਰਭੂ —

ਨਾਨਕ ਸਾਧ ਪ੍ਰਭ ਭੇਦੁ ਨ ਭਾਈ। (272)
ਬ੍ਰਹਮ ਗਿਆਨੀ ਆਪਿ ਪਰਮੇਸਰ। (273)

ਸੰਤ ਅਤੇ ਰਾਮ ਵਿਚ ਵੀ ਕੋਈ ਭਿੰਨ ਭੇਦ ਨਹੀਂ —

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ। (208)
ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ।
(1198)

ਸਾਧ, ਸੰਤ, ਭਗਤ ਆਦਿ ਦੇਹ ਧਾਰੀ ਹੀ ਤਸਲੀਮ ਕੀਤੇ ਜਾਂਦੇ ਹਨ। ਇਸ ਲਈ ਗੁਰੂ ਵੀ ਦੇਹ ਧਾਰੀ ਹੋ ਸਕਦਾ ਹੈ

ਸੋ ਧਨੁ ਗੁਰੂ ਸਾਬਾਸਿ ਹੈ ਹਰਿ ਦੇਇ ਸੁਨੇਹਾ।
ਹਉ ਵੇਖਿ ਵੇਖਿ ਵਿਗਸਿਆ ਗੁਰ ਸਤਿਗੁਰ ਦੇਹਾ। (726)

ਗੁਰੂ ਵਿਚੋਲਾ ਹੋ ਕੇ ਨਿਰੰਕਾਰ ਅਤੇ ਜੀਅ ਦਾ ਨਾਤਾ ਜੋੜ ਦੇਂਦਾ ਹੈ —

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ। (964)
ਸੋ ਮੇਲੇ ਮਿਤ੍ਰ ਸਤਿਗੁਰੁ ਵਿਚੋਲੇ ਜੀਉ। (173)

(ਬਾਕੀ ਪੰਨਾ 15 ਤੇ)


FREE GIFT



**S. & S. INSURANCE** 324-2311

**Two Locations to Serve You**
**6658 Main St. Vancouver, B.C.**
**5936 Fraser St. Vancouver, B.C.**

FREE GIFT

ਇੰਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫਰਕ ਦੋਸਤੀ ਭਰੇ ਮਾਹੌਲ ਦਾ ਹੈ ..., ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ

autoplan
1984 INSURANCE & LICENCE

RENEW EARLY INSURANCE
* FINANCING AVAILABLE
* SAFE DRIVING DISCOUNT (if eligible)



ਦਲਜੀਤ ਸਿੰਘ ਸਿੱਧੂ

FRASER Ph. 321-6442

ਹਰਦੇਵ ਸਿੰਘ ਗਿੱਲ

324-5711

## ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਬਾਰਾਂ ਕਰਮਚਾਰੀ ਗ੍ਰਿਫਤਾਰ

ਫਾਜ਼ਲਿਕਾ — ਇਥੇ ਸਦਰ ਥਾਣਾ ਦੀ ਪੁਲੀਸ ਨੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਬਾਰਾਂ ਕਰਮਚਾਰੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ ਪਤਾ ਲੱਗਾ ਹੈ ਇਹਨਾਂ ਨੂੰ ਛਡਾਉਣ ਲਈ ਕੁਝ ਹੋਰ ਵਿਅਕਤੀ ਆਏ ਅਤੇ ਸੀ. ਆਰ. ਪੀ. ਤੇ ਗੋਲੀਆਂ ਚਲਾਈਆਂ ਜਿਸ ਵਿਚ ਏ. ਐਸ. ਆਈ. ਰਾਮ ਸਿੰਘ ਅਤੇ ਇਕ ਹੋਰ ਵਿਅਕਤੀ ਲਹਿਰਾ ਸਿੰਘ ਜ਼ਖਮੀ ਹੋ ਗਏ। ਦੋ ਵਰਕਰ ਵੀ ਮਾਰੇ ਗਏ। ਮਰਨ ਵਾਲਿਆਂ ਵਿਚ ਇਕ ਵਿਅਕਤੀ ਦਾ ਨਾਂ ਰਮਦੂਰ ਸਿੰਘ ਹੈ ਜੋ ਦੁਨੇਵਾਲ ਦਾ ਰਹਿਣ ਵਾਲਾ ਸੀ।

## ਬਟਾਲੇ ਦੇ ਕਾਲਜ ਦਾ ਰੀਕਾਰਡ ਜਲਾ ਦਿੱਤਾ ਗਿਆ

ਇਥੇ ਤਿੰਨ ਅਣਪਛਾਤੇ ਵਿਅਕਤੀਆਂ ਨੇ ਐਸ. ਐਲ. ਬਾਵਾ ਡੀ. ਏ. ਵੀ. ਕਾਲਜ ਦੇ ਪ੍ਰਿੰਸੀਪਲ ਧਰਮਵੀਰ ਪਸਰੀਚਾ ਨੂੰ ਕਤਲ ਕਰਨ ਲਈ ਉਸਦੇ ਦਫਤਰ ਤੇ ਹਮਲਾ ਕੀਤਾ ਚਪੜਾਸੀ ਨੇ ਉਹਨਾਂ ਨੂੰ ਦੱਸਿਆ ਕਿ ਸ੍ਰੀ ਪਸਰੀਚਾ ਦਿੱਲੀ ਗਏ ਹੋਏ ਹਨ। ਦਹਿਸ਼ਤਪਸੰਦਾਂ ਨੇ ਰੀਕਾਰਡ ਰੂਮ ਖੋਲ੍ਹਣ ਲਈ ਕਿਹਾ ਜਿਸ ਵਿਚੋਂ ਸਾਰਾ ਰੀਕਾਰਡ ਕੱਢ ਕੇ ਉਸ ਨੂੰ ਅੱਗ ਲਗਾ ਦਿੱਤੀ ਗਈ। ਇਸ ਤੋਂ ਪਹਿਲਾਂ ਸ੍ਰੀ ਪਸਰੀਚਾ ਨੂੰ ਕਤਲ ਕਰਨ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ। ਇਹ ਘਟਨਾ ਤਿੰਨ ਵਜੇ ਦੀ ਸੀ ਪਰ ਪੁਲੀਸ ਮੌਕੇ ਤੇ ਸਾਢੇ ਚਾਰ ਵਜੇ ਪਹੁੰਚੀ।

## ਸਰਕਾਰ ਝੁਕੇਗੀ ਨਹੀਂ

ਨਵੀਂ ਦਿੱਲੀ — ਇਥੇ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਨੇ ਕਿਹਾ ਹੈ ਕਿ ਸਰਕਾਰ ਕਿਸੇ ਦਬਾਅ ਅੱਗੇ ਬਿਲਕੁੱਲ ਨਹੀਂ ਝੁਕੇਗੀ। ਉਹਨਾਂ ਅੱਗੇ ਕਿਹਾ ਕਿ ਸਰਕਾਰ ਪਾਸ ਪੱਕੇ ਸਬੂਤ ਹਨ ਕਿ ਅਤਿਵਾਦੀਆਂ ਨੂੰ ਵਿਦੇਸ਼ਾਂ ਵਲੋਂ ਮਾਇਕ ਸਹਾਇਤਾ ਆਦਿ ਮਿਲ ਰਹੀ ਹੈ।

## ਗੁਰੂਨਾਨਕ ਯੂਨੀਵਰਸਿਟੀ ਦੇ ਇਮਤਹਾਨ ਵੀ ਮੁਲਤਵੀ

ਅੰਮ੍ਰਿਤਸਰ — ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 16 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਸਾਲਾਨਾ ਇਮਤਿਹਾਨ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿਤੇ ਹਨ। ਯੂਨੀਵਰਸਿਟੀ ਦੇ ਰਜਿਸਟਰਾਰ ਨੇ ਦੋ ਲਾਈਨਾ ਦੇ ਐਲਾਨ ਵਿਚ ਇਮਤਹਾਨ ਅੱਗੇ ਪਾਉਣ ਦਾ ਕੋਈ ਕਾਰਨ ਨਹੀਂ ਦਸਿਆ।

ਪੰਜਾਬ ਤੇ ਪੰਜਾਬੀ ਯੂਨੀਵਰਸਿਟੀਆਂ ਆਪਣੇ ਇਮਤਿਹਾਨ ਪਹਿਲਾਂ ਹੀ ਮੁਲਤਵੀ ਕਰ ਚੁਕੀਆਂ ਹਨ।

## ਦਰਬਾਰਾ ਸਿੰਘ ਦਾ ਅਸਤੀਫਾ

ਚੰਡੀਗੜ੍ਹ — ਸ੍ਰੀ ਦਰਬਾਰਾ ਸਿੰਘ ਸਾਬਕਾ ਮੁਖ ਮੰਤਰੀ ਪੰਜਾਬ ਨੇ 16 ਅਪ੍ਰੈਲ ਨੂੰ ਆਪਣਾ ਅਸਤੀਫਾ ਸ੍ਰੀ ਬ੍ਰਿਜ ਭੂਸ਼ਨ ਮਹਿਰਾ ਦੇ ਰਾਹੀਂ ਦੇ ਦਿੱਤਾ ਹੈ। ਇਹ ਅਸਤੀਫਾ ਮਨਜ਼ੂਰ ਕਰ ਲਿਆ ਹੈ।

## ਸੰਤ ਲੌਂਗੋਵਾਲ ਨੇ ਅਦਾਲਤੀ ਪੜਤਾਲ ਫੇਰ ਮੰਗੀ

### ਤਿਵਾੜੀ ਦੇ ਕਤਲ ਦਾ ਕੇਸ ਵੀ ਸੀ.ਬੀ.ਆਈ. ਦੇ ਹਵਾਲੇ ਕਰਨ ਤੇ ਜ਼ੋਰ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਤਿੰਨ ਅਪਰੈਲ ਦੀਆਂ ਘਟਨਾਵਾਂ ਦੀ ਅਦਾਲਤੀ ਜਾਂਚ ਦੀ ਮੰਗ ਕੀਤੀ ਹੈ ਜਿਹਨਾ ਵਿਚ ਦਸ ਵਿਅਕਤੀ ਮਾਰੇ ਗਏ ਸਨ।

ਉਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਲੌਂਗੋਵਾਲ ਨੇ ਕਿਹਾ ਕਿ ਮਾਰੇ ਗਏ ਕੁਲ ਵਿਅਕਤੀਆਂ ਵਿਚੋਂ ਅੱਠ ਇਕੋ ਫਿਰਕੇ ਨਾਲ ਸਬੰਧਤ ਹਨ ਅਤੇ ਇਹਨਾ ਨੂੰ ਸੀ.ਆਰ.ਪੀ. ਨੇ ਬਿਨਾ ਕਿਸੇ ਭੜਕਾਹਟ ਤੋਂ ਕਤਲ ਕਰ ਦਿਤਾ ਹੈ। ਉਹਨਾ ਨੇ ਮੰਗ ਕੀਤੀ ਕਿ ਪੰਜਾਬ ਵਿਚ ਅਗਲੀ ਗੜਬੜ ਤੋਂ ਬਚਾਅ ਲਈ ਸੀ.ਆਰ.ਪੀ. ਤੁਰੰਤ ਵਾਪਸ ਬੁਲਾਈ ਜਾਵੇ।

ਡਾਕਟਰ ਵੀ.ਐਨ. ਤਿਵਾੜੀ ਦੇ ਕਤਲ ਦੀ ਚਰਚਾ ਕਰਦਿਆਂ ਹੋਇਆਂ ਸੰਤ ਲੌਂਗੋਵਾਲ ਨੇ ਕਿਹਾ ਕਿ ਇਹ ਕਤਲ ਆਰੀਆ ਸਮਾਜ ਅਤੇ ਇੰਕਾ ਵਿਚਕਾਰ ਪੰਜਾਬ ਯੂਨੀਵਰਸਿਟੀ ਦੇ ਅਗਲੇ ਵਾਈਸ ਚਾਂਸਲਰ ਦੀ ਨਿਯੁਕਤੀ ਸਬੰਧੀ ਝਗੜੇ ਵਿਚੋਂ ਨਿਕਲਿਆ ਹੋ ਸਕਦਾ ਹੈ। ਇਸ ਕਰਕੇ ਇਸ ਕਤਲ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣੀ ਚਾਹੀਦੀ ਹੈ।

ਸੰਤ ਲੌਂਗੋਵਾਲ ਨੇ ਕਿਹਾ ਕਿ ਯੂਨੀਵਰਸਿਟੀ ਦੇ ਮੌਜੂਦਾ ਵਾਈਸ ਚਾਂਸਲਰ ਦੀ ਮਿਆਦ ਜੂਨ ਵਿਚ ਪੂਰੀ ਹੋ ਰਹੀ ਹੈ। ਅਤੇ ਡਾਕਟਰ ਤਿਵਾੜੀ ਦਾ ਅਗਲਾ ਵਾਈਸ ਚਾਂਸਲਰ ਚੁਣਿਆ ਜਾਣਾ ਪੱਕੀ ਗੱਲ ਹੀ ਸੀ ਅਤੇ ਜਿਹੜੇ ਉਸਦੀ ਨਿਯੁਕਤੀ ਦਾ ਵਿਰੋਧ ਕਰ ਰਹੇ ਸਨ ਉਹਨਾਂ ਨ ਉਸਨੂੰ ਇਸ ਰਾਹ ਵਿਚੋਂ ਹਟਾ ਦਿਤਾ ਹੈ।

## ਸ਼ਹੀਦੀ ਦਲ

ਲੁਧਿਆਣਾ — ਸ਼ਹੀਦੀ ਦਲ ਲੁਧਿਆਣਾ ਦੇ ਪ੍ਰਧਾਨ ਸ:ਅਰਜਨ ਸਿੰਘ, ਜਨਰਲ ਸਕੱਤਰ ਸ੍ਰ.ਗੁਰਬਖਸ਼ ਸਿੰਘ ਫੋਟੋਗਰਾਫਰ, ਸਕੱਤਰ ਸ੍ਰ.ਹਰਜੀਤ ਸਿੰਘ ਅਤੇ ਪ੍ਰੈਸ ਸਕੱਤਰ ਸ੍ਰ.ਹਰਬੇਲ ਸਿੰਘ ਬਾਗੀ ਨੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ.ਸੀ.ਸੇਠੀ ਵਲੋਂ ਸੰਵਿਧਾਨ ਦੀ ਧਾਰਾ 25 ਵਿਚ ਸੋਧ ਬਾਰੇ ਆਪਣਾ ਸਟੈਂਡ ਬਦਲਣ ਦੀ ਨਿਖੇਧੀ ਕੀਤੀ ਹੈ।

## "ਦਸਮੇਸ਼ ਰੈਜਮੈਂਟ" ਦੀ ਭਾਲ ਸ਼ੁਰੂ——————

ਲੁਧਿਆਣਾ — ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ:ਹਰਬੰਸ ਸਿੰਘ ਮਨਚੰਦਾ , ਭਾਜਪਾ ਦੇ ਸਾਬਕਾ ਵਿਧਾਇਕ ਸ੍ਰੀ ਹਰਬੰਸ ਲਾਲ ਖੰਨਾ ਅਤੇ ਰਾਜ ਸਭਾ ਦੇ ਨਾਮਜ਼ਦ ਮੈਂਬਰ ਡਾਕਟਰ ਵਿਸ਼ਵਾ ਨਾਥ ਤਿਵਾੜੀ ਨੂੰ ਬੇਰਹਿਮੀ ਨਾਲ ਕਤਲ ਕੀਤੇ ਜਾਣ ਤੇ ਇਹਨਾਂ ਕਤਲਾਂ ਦੀ ਜ਼ਿਮੇਵਾਰੀ "ਦਸਮੇਸ਼ ਰੈਜਮੈਂਟ" ਨਾਮੀ ਜਥੇਬੰਦੀ ਵਲੋਂ ਆਪਣੇ ਉਪਰ ਲੈਣ ਅਤੇ ਭਵਿਖ ਵਿਚ ਸੀਨੀਅਰ ਅਫਸਰਾਂ ਦੇ ਕਤਲ ਕਰਦੇ ਰਹਿਣ ਦੀ ਧਮਕੀ ਦਾ ਪੰਜਾਬ ਤੇ ਕੇਂਦਰ ਸਰਕਾਰ ਨੇ ਸਖਤ ਨੋਟਿਸ ਲਿਆ ਹੈ ਅਤੇ ਖੁਫੀਆ ਏਜੰਸੀਆਂ ਨੂੰ ਇਸ ਜਥੇਬੰਦੀ ਦੇ ਆਨੰਦਪੁਰ ਸਾਹਿਬ ਵਿਚ ਸਥਿਤ ਅਖੌਤੀ ਹੈਡਕੁਆਰਟਰ ਦਾ ਪਤਾ ਲਗਾਉਣ ਦੀਆਂ ਹਦਾਇਤਾਂ ਦਿਤੀਆਂ ਹਨ।

ਵਖ ਵਖ ਵਸੀਲਿਆਂ ਤੋਂ ਮਿਲੇ ਸੰਕੇਤਾਂ ਅਨੁਸਾਰ ਸੂਬਾਈ ਤੇ ਕੇਂਦਰ ਸਰਕਾਰ ਦੇ ਖੁਫੀਆ ਏਜੰਸੀਆਂ ਦੇ ਕੁਝ ਅਧਿਕਾਰੀ ਹਰ ਰੋਜ਼ ਆਨੰਦਪੁਰ ਸਾਹਿਬ ਵਿਚ ਇਹ ਪਤਾ ਲਾਉਣ ਲਈ ਜਾਂਦੇ ਹਨ ਕਿ ਕੀ ਸੱਚ ਮੁੱਚ ਦਸਮੇਸ਼ ਰੈਜਮੈਂਟ ਨਾਂਅ ਦੀ ਕੋਈ ਜਥੇਬੰਦੀ ਹੋਂਦ ਵਿਚ ਹੈ? ਜੇਕਰ ਹੈ ਤਾਂ ਉਸਦਾ ਹੈਡਕੁਆਰਟਰ ਕਿਥੇ ਹੈ? ਪਰ ਹਾਲਾਂ ਤਕ ਖੁਫੀਆ ਅਧਿਕਾਰੀ ਇਸ ਬਾਰੇ ਕੋਈ ਸੂਹ ਨਹੀਂ ਲਾ ਸਕੇ। ਕੁਝ ਅਧਿਕਾਰੀਆਂ ਦਾ ਤਾਂ ਖਿਆਲ ਹੈ ਕਿ ਦਸਮੇਸ਼ ਰੈਜਮੈਂਟ ਅਤੇ ਉਸ ਬਾਰੇ ਦਿਤਾ ਗਿਆ ਬਿਆਨ ਅਮਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ "ਚੱਕਰ" ਵਿਚ ਪਾਉਣ ਲਈ ਦਿਤਾ ਹੈ ਜਦ ਵਿਚ ਅਸਲ ਵਿਚ ਇਸ ਨਾਂ ਦੀ ਕੋਈ ਨਾਂ ਤਾਂ ਜਥੇਬੰਦੀ ਹੈ ਅਤੇ ਨਾ ਹੀ ਆਨੰਦਪੁਰ ਸਾਹਿਬ ਵਿਖੇ ਇਸ ਦਾ ਕੋਈ ਹੈਡਕੁਆਰਟਰ ਹੈ।

ਇਥੇ ਇਹ ਗਲ ਦਸਣ ਯੋਗ ਹੈ ਕਿ ਦਸਮੇਸ਼ ਰੈਜਮੈਂਟ ਦਾ ਨਾਂਅ ਉਸ ਸਮੇਂ ਸਾਹਮਣੇ ਆਇਆ ਸੀ ਜਦ 29 ਮਾਰਚ ਨੂੰ ਕੁਝ ਅਨਪਛਾਤੇ ਵਿਅਕਤੀਆਂ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਨੂੰ ਕਤਲ ਕਰ ਦਿਤਾ ਸੀ ਪਰ ਇਸ ਦੇ ਫੌਰਨ ਬਾਅਦ ਸਰਦੂਲ ਸਿੰਘ ਨਾਮੀ ਇਕ ਵਿਅਕਤੀ ਨੇ ਉਸ ਦੇ ਕਹਿਣ ਅਨੁਸਾਰ ਜਲੰਧਰ ਤੋਂ ਅੰਮ੍ਰਿਤਸਰ ਵਿਖੇ ਕੁਝ ਪਤਰਕਾਰਾਂ ਨੂੰ ਫੋਨ ਕਰਕੇ ਸ:ਮਨਚੰਦਾ ਦੇ ਕਤਲ ਪਿੱਛੇ ਦਸਮੇਸ਼ ਰੈਜਮੈਂਟ ਦਾ ਹੱਥ ਹੋਣ ਤੇ ਖੁਦ ਨੂੰ ਇਸਦਾ ਪ੍ਰਧਾਨ ਦਸਿਆ ਸੀ ਤੇ ਇਹ ਵੀ ਕਿਹਾ ਸੀ ਕਿ ਸਾਡਾ ਹੈਡਕੁਆਰਟਰ ਆਨੰਦਪੁਰ ਸਾਹਿਬ ਵਿਖੇ ਹੈ। ਭਾਜਪਾ ਦੇ ਸਾਬਕਾ ਵਿਧਾਇਕ ਖੰਨਾ ਤੇ ਡਾਕਟਰ ਵਿਸ਼ਵਾਨਾਥ ਤਿਵਾੜੀ ਦੇ ਕਤਲਾਂ ਦੀ ਜ਼ਿਮੇਂਵਾਰੀ ਵੀ ਦਸਮੇਸ਼ ਰੈਜਮੈਂਟ ਨੇ ਆਪਣੇ ਸਿਰ ਲੈ ਲਈ ਹੈ। 3 ਅਪ੍ਰੈਲ ਨੂੰ ਇਕ ਵਾਰ ਫਿਰ ਸਰਦੂਲ ਸਿੰਘ ਨਾਮੀ ਇਕ ਵਿਅਕਤੀ ਨੇ ਚੰਡੀਗੜ੍ਹ ਦੀ ਇਕ ਖਬਰ ਏਜੰਸੀ ਨੂੰ ਫੋਨ ਤੇ ਕਿਹਾ ਕਿ ਉਹ ਅੰਬਾਲੇ ਤੋਂ ਬੋਲ ਰਿਹਾ ਹੈ। ਉਸ ਨੇ ਕਿਹਾ ਕਿ ਜੋ ਵੀ ਸਿੱਖਾਂ ਦੇ ਖਿਲਾਫ ਬੋਲੇਗਾ ਜਾਂ ਦਰਬਾਰ ਸਾਹਿਬ ਅੰਦਰ ਪੁਲਸ ਭੇਜਣ ਦੀ ਗਲ ਕਰੇਗਾ ਉਸ ਦੀ ਹਾਲਤ ਵੀ ਖੰਨਾ ਤੇ ਤਿਵਾੜੀ ਵਾਂਗ ਹੀ ਕਰ ਦਿਤੀ ਜਾਵੇਗੀ। ਫੋਨ ਕਰਨ ਵਾਲੇ ਅਨੁਸਾਰ 4 ਅਪ੍ਰੈਲ ਨੂੰ ਬੰਦ ਦੌਰਾਨ ਹਿੰਸਾ ਕਰਨ ਵਾਲਿਆਂ ਨੂੰ ਵੀ ਸਜ਼ਾ ਦਿਤੀ ਜਾਏਗੀ। ਜਿਹਨਾਂ ਦੀ ਲਿਸਟ ਤਿਆਰ ਕਰ ਲਈ ਗਈ ਹੈ ਪਤਾ ਲਗਾ ਹੈ ਕਿ ਇਸ ਸਾਰੇ ਘਟਨਾ ਕ੍ਰਮ ਨੂੰ ਵੇਖਦੇ ਹੋਏ ਜਿਥੇ ਸਰਕਾਰ ਨੇ "ਦਸ਼ਮੇਸ਼ ਰੈਜਮੈਂਟ" ਦਾ ਪਤਾ ਲਗਾਉਣ ਲਈ ਵੱਡੀ ਪੱਧਰ ਤੇ ਉਪਰਾਲੇ ਕੀਤੇ ਹਨ ਉਥੇ ਉਨ੍ਹਾਂ ਸਾਰੇ ਵਿਅਕਤੀਆਂ ਦੀ ਸੁਰਖਿਆ ਦੇ ਪ੍ਰਬੰਧ ਵੀ ਕੀਤੇ ਗਏ ਹਨ ਉਹਨਾਂ ਦੇ ਨਾਂ ਵੀ ਅਤਿਵਾਦੀਆਂ ਦੀ ਹਿਟ ਲਿਸਟ ਵਿਚ ਹਨ।

ਭਾਰਤ ਜਾਣ ਦੀ ਤਿਆਰੀ ਹੈ?

**East West Travel Ltd.**

**ਹਵਾਈ ਟਿਕਟਾਂ**

ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



**Special for India, Pakistan, Fiji and West Indies.**

**Mike Brar**

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ

**Ph.(403)235-3661**

**#206-3517, 17 Ave. S.E. Calgary, Alta**

**T2A 0R5**

## ਅੱਗ ਨਾਲ 7 ਟੱਬਰਾਂ ਦੀਆਂ ਝੁਗੀਆਂ ਤਬਾਹ

ਰੋਪੜ,

ਪਿਛਲੇ ਦਿਨੀਂ ਸਰਤਾਪੁਰ ਪਿੰਡ ਨੇੜੇ ਅੱਗ ਲਗ ਜਾਣ ਕਾਰਨ ਕਈ ਝੁਗੀਆਂ ਸੜ ਗਈਆਂ ਸਨ. 7 ਟੱਬਰਾਂ ਦਾ ਸਾਰਾ ਸਾਮਾਨ ਆਦਿ ਸੜ ਕੇ ਸੁਆਹ ਹੋ ਗਿਆ ਸੀ.

ਲਾਇਨ ਕਲੱਬ ਰੋਪੜ ਦੇ ਜੋਨਲ ਚੇਅਰਮੈਨ ਡਾਕਟਰ ਕੇ. ਆਰ. ਸਿੰਗਲਾ ਤੇ ਡਾਕਟਰ ਐਮ. ਐਸ. ਬੱਗਾ ਦੀ ਅਗਵਾਈ ਹੇਠ ਕਲੱਬ ਨੇ ਇਨ੍ਹਾਂ ਟੱਬਰਾਂ ਦੇ ਮੁੜ ਵਸੇਬੇ ਲਈ ਦਵਾਈ, ਖੁਰਾਕ, ਕਪੜੇ ਤੇ ਹੋਰ ਘਰੇਲੂ ਲੋੜਾਂ ਦਾ 3 ਹਜ਼ਾਰ ਰੁਪਏ ਸਾਮਾਨ ਦਿਤਾ.

ਡਾਕਟਰ ਸਿੰਗਲਾ ਦੀਆਂ ਕੋਸ਼ਿਸ਼ਾਂ ਨਾਲ ਇਨ੍ਹਾਂ ਲੋਕਾਂ ਨੂੰ ਰੁਜ਼ਗਾਰ ਵੀ ਦਵਾਇਆ ਗਿਆ.

ਰੈਡ ਕਰਾਸ ਸੋਸਾਇਟੀ ਰੋਪੜ ਨੇ ਪੀੜਤਾਂ ਦੀ ਸਹਾਇਤਾ ਲਈ ਡੇਢ ਹਜ਼ਾਰ ਰੁਪਏ ਦਿਤੇ.

**ਸੇਫ ਡਰਾਈਵਿੰਗ ਗਾਈਡ**

ਹੁਣ ਡਰਾਈਵਿੰਗ ਸਿਖਣੀ ਤੁਹਾਡੇ ਲਈ ਹੋਰ ਵੀ ਆਸਾਨ ਹੋ ਗਈ ਹੈ।

ਬਾਬੂ ਬਾਂਸਲ ਨੇ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਬੋਲੀਆਂ ਵਿਚ ਕਿਤਾਬ ਛਾਪੀ ਹੈ ਜਿਸਦਾ ਹਰ ਘਰ ਵਿਚ ਹੋਣਾ ਜ਼ਰੂਰੀ ਹੈ। ਅੱਜ ਹੀ ਇਨ੍ਹਾਂ ਸਟੋਰਾਂ ਤੋਂ ਖਰੀਦੋ।

Available At:

**Advance Driving School**
4677 Main St., Vancouver
Ph. 872-7375

**Main Food Centre**
6681 Main S. Vancouver
Ph. 324-4185

**Goyal Video King**
4156 Fraser ST., Vancouver
Ph. 873-8308

**Mann Music & Video**
6512 Main St., Vancouver
Ph. 321-6667

**Paul's Plumbing**
4774 Main St., Vancouver
Ph. 872-3118

## ਲੁਟੇਰੇ ਪੁਲਿਸ ਨੇ ਛੱਡ ਦਿਤੇ

ਜਗਰਾਉਂ

ਜ਼ਿਲ੍ਹਾ ਫਰੀਦਕੋਟ ਦੇ ਅਧੀਨ ਥਾਣਾ ਬੱਧਣੀ ਕਲਾਂ ਦੀ ਬਦਨਾਮ ਪੁਲਿਸ ਵਲੋਂ ਪਿੰਡ ਮੀਨ੍ਹੀਆਂ ਦੇ ਲਾਗੇ, ਰਾਮਾ ਰੂਸਾ ਦੇ ਵਿਚਕਾਰ ਦਿਨ-ਦਿਹਾੜੇ ਤਲਵਾਰ ਦੀ ਨੋਕ ਤੇ, ਭੂਆ-ਭਤੀਜੀ ਨੂੰ ਲੁਟਣ ਵਾਲੇ ਲੁਟੇਰੇ ਫੜੇ ਜਾਣ ਦੀ ਸੂਚਨਾ ਮਿਲੀ ਹੈ. ਕਹਿੰਦੇ ਹਨ ਕਿ ਪੁਲਸ ਨੇ ਆਪਣਾ ਘਰ ਪੂਰਾ ਕਰਕੇ ਮੌਕੇ ਤੇ ਭਜਣ ਵਾਲੇ ਮੇਵਾ ਸਿੰਘ ਲੁਟੇਰੇ ਨੂੰ ਤਾਂ ਕੀ ਫੜਨਾ ਸੀ? ਸਗੋਂ ਮੌਕੇ ਤੇ ਲੋਕਾਂ ਵਲੋਂ ਫੜੇ ਗਏ ਅਜਮੇਰ ਸਿੰਘ ਨੂੰ ਵੀ ਛੱਡ ਦਿਤਾ ਹੈ.

ਅਸੀਂ ਵਧੀਆ ਸੇਵਾ ਦੀ ਗਰੰਟੀ ਦਿੰਦੇ ਹਾਂ

ਹੁਣ ਇਨਕਮ ਟੈਕਸ ਦੇ ਫਾਰਮ ਭੇਜਣ ਦਾ ਵਕਤ ਹੈ——ਤੇ ਅਸੀਂ ਤੁਹਾਡੀ ਸੇਵਾ ਲਈ ਹਰ ਵਕਤ ਹਾਜ਼ਰ ਹਾਂ—ਆਓ ਤੇ ਸਹੀ ਜਾਣਕਾਰੀ ਪ੍ਰਾਪਤ ਕਰੋ। ਵਧੀਆ ਸੇਵਾਵਾਂ ਤੇ ਘੱਟ ਦਰ ........ਇਹ ਹੀ ਨਹੀਂ ਅਸੀਂ ਤੁਹਾਡੇ ਹਿਸਾਬ ਕਿਤਾਬ ਕਾਰੋਬਾਰੀ ਹਿਸਾਬ, ਕੰਪਨੀ ਮਾਮਲਿਆਂ ਬਾਰੇ ਹਮੇਸ਼ਾ ਸਹੀ ਜਾਣਕਾਰੀ ਦੇਣ ਦਾ ਵਾਅਦਾ ਕਰਦੇ ਹਾਂ .....

ਟੈਲੀਫ਼ੋਨ : 321-2132

**BAINS TAX & ACCOUNTING SERVICE**

**6658 MAIN St.(at 51st Ave.)**

**VANCOUVER, B.C.**

**TELEPHONE:321-2132**

**WE PROVIDE**

**YEAR ROUND PROFESSIONAL SERVICES**

**ACCOUNTING,BOOKKEEPING,COMPANY FORMATION &**

(ਪੰਨਾ 4 ਦੀ ਬਾਕੀ)

ਗੱਲ ਹੋ ਜਾਣੀ ਹੈ ਕਿ ਉਹਨਾਂ ਨੂੰ depend ਕਰਨਾ ਪੈ ਜਾਣਾ ਹੈ ਉਥੋਂ ਦੀ ਬਹੁ ਗਿਣਤੀ ਤੇ। ਕਿਉਂਕਿ ਜਿਸ ਵੇਲੇ ਲੋਕਾਂ ਵਿਚ ਮਨ ਪਾਟ ਜਾਣ ਉਸ ਵੇਲੇ ਉਸਨੂੰ ਠੀਕ ਕਰਨ ਵਿਚ ਬਹੁਤ ਸਮਾਂ ਲੱਗਦਾ ਹੈ। 1947 ਦਾ ਤਜਰਬਾ ਹੈ। ਅੱਠ ਦਸ ਸਾਲ ਵਿਚ ਵੀ ਇਹ ਮਨ ਜਿਹੜੇ ਪਾਟੇ ਨੇ ਇਨ੍ਹਾਂ ਨੂੰ ਜੋੜਨਾ ਬੜਾ ਔਖਾ ਹੈ। ਭਾਵੇਂ ਫਸਾਦ ਨਹੀਂ ਹੋ ਰਹੇ ਪਰ ਲੋਕਾਂ ਨੇ ਇਹਨਾਂ ਨੀਤੀਆਂ ਨਾਲ ਮਨ ਪਾੜ ਲਏ।

ਦ. ਗਿੱਲ — ਇਹ ਝਗੜਾ ਮੰਗਾਂ ਵਾਲਾ ਤਾਂ ਪਿੱਛੇ ਪੈ ਗਿਆ ਹੈ।

ਸੁਰਜੀਤ — ਮੰਗਾਂ ਦੇ ਝਗੜੇ ਤੇ ਮੇਰਾ ਖਿਆਲ ਹੈ ਅਸੀਂ ਨੇੜੇ ਲੱਗੇ ਹੋਏ ਸੀ। 14 ਤਾਰੀਖ ਦੀ ਮੀਟਿੰਗ ਜੇ ਕਾਮਯਾਬ ਹੋ ਜਾਂਦੀ ਤਾਂ ਉਸ ਦਿਨ ਹਰਿਆਣੇ ਚੋਂ ਮਿਥ ਕੇ ਇਹ ਗੱਲਾਂ ਨਾ ਸ਼ੁਰੂ ਕਰਦੇ ਜੀਹਦੇ ਵਿਚ ਕਿ ਸਰਕਾਰ ਦੀ presence ਵੀ ਸੀ ਤਾਂ ਇਹ ਝਗੜਾ ਮੁੱਕ ਗਿਆ ਸੀ ਜਿਸਤੋਂ ਇਹ ਜ਼ਾਹਰ ਹੁੰਦਾ ਹੈ ਕਿ ਖੁਦ ਸਰਕਾਰ ਵੀ ਇਹ ਝਗੜਾ ਨਿਬੇੜਨਾ ਨਹੀਂ ਚਾਹੁੰਦੀ। ਲੇਕਿੰਨ ਇਹਦੇ ਹਾਨੀਕਾਰਕ ਸਿੱਟੇ ਹੋਣਗੇ। ਇਸ ਲਈ ਮੁੱਖ ਮੰਗਾਂ ਬਾਰੇ ਵਿਰੋਧੀ ਦਲਾਂ ਦੀ ਰਾਏ ਇਕ ਬਣ ਚੁੱਕੀ ਹੈ। ਵਿਰੋਧੀ ਦਲ ਸਾਰੇ ਸਰਕਾਰ ਦੀ ਇਸ ਗੱਲ ਤੇ ਮੱਦਦ ਕਰਨ ਨੂੰ ਤਿਆਰ ਨੇ।

ਦ. ਗਿੱਲ — ਜਿਹੜੀ 14 ਵਾਲੀ ਗੱਲ ਤੁਸੀਂ ਕਰਦੇ ਹੋ ਮੁੱਖ ਮੰਗਾਂ ਕਿਹੜੀਆਂ ਸਨ।

ਸੁਰਜੀਤ — ਗੱਲ ਤਾਂ ਇਕ ਦਾ ਹੀ ਰੌਲਾ ਸੀ। ਬਾਕੀ ਮੰਗਾਂ ਤਾਂ ਪਹਿਲਾਂ ਫੈਸਲਾ ਹੋ ਚੁੱਕਾ ਹੈ। ਮਸਲਮ ਰਾਜਾਂ ਨੂੰ ਵਧੇਰੇ ਅਧਿਕਾਰ ਤੇ ਕਮਿਸ਼ਨ ਬੈਠਾ ਹੋਇਆ ਹੈ ਉਹ ਫੈਸਲਾ ਹੋ ਚੁੱਕਾ ਹੈ — ਪਾਣੀਆਂ ਦੇ ਸਵਾਲ ਤੇ ਪਹਿਲਾਂ ਫੈਸਲਾ ਹੋ ਚੁੱਕਾ ਹੈ ਬਈ ਸੁਪਰੀਮ ਕੋਰਟ ਦਾ ਚੀਫ ਜਸਟਿਸ ਟ੍ਰਿਬਿਊਨਲ ਕਾਇਮ ਕਰੇ ਜਿਹੜਾ ਇਹਦਾ ਫੈਸਲਾ ਦੇਵੇ। ਉਹ ਤਿੰਨ ਚੀਜ਼ਾਂ ਦਾ ਟ੍ਰਿਬਿਊਨਲ ਹੋਏਗਾ — ਚੰਡੀਗੜ੍ਹ ਦੇ ਸਵਾਲ ਉਤੇ ਸਾਰੇ ਵਿਰੋਧੀ ਦਲਾਂ ਦੀ ਰਾਏ ਅਤੇ ਕਾਂਗਰਸ ਦੀ ਰਾਏ ਵੀ ਹੈ ਬਈ ਚੰਡੀਗੜ੍ਹ ਪੰਜਾਬ ਨੂੰ ਜਾਣਾ ਚਾਹੀਦਾ ਹੈ। ਰੌਲਾ ਇਹ ਸੀ ਕਿ ਸਰਕਾਰ insist ਕਰਦੀ ਸੀ ਕਿ ਫਾਜ਼ਿਲਕਾ ਅਬੋਹਰ ਦੇ ਇਲਾਕੇ ਦਿੱਤੇ ਜਾਣ ਹਰਿਆਣੇ ਨੂੰ ਇਹਦੇ ਬਾਰੇ ਵਿਰੋਧੀ ਦਲਾਂ ਨੇ ਇਹ ਸੁਝਾਅ ਦਿੱਤਾ ਸੀ ਕਿ ਇਝ ਕਰੋ ਕਿ ਕੁਝ ਪਿੰਡ ਜਿਹੜੇ ਨੇ ਉਹ ਹਰਿਆਣੇ ਨੂੰ ਦੇ ਦਿਓ — ਰੁਪਈਆ ਕਾਫੀ ਦੇ ਦਿਓ Capital ਬਣਾਉਣ ਲਈ। ਮਗਰੋਂ ਜਾ ਕੇ ਜੇ ਤੁਸੀਂ ਸਮਝੋ ਇਸ ਗੱਲ ਨੂੰ ਬਈ ਉਹ ਜਿਹੜਾ ਕਮਿਸ਼ਨ ਨਿਸਚਿਤ ਕਰਨਾ ਹੈ ਉਸ ਕਮਿਸ਼ਨ ਵਿਚ ਹਰਿਆਣੇ ਦੀ ਸਰਕਾਰ ਉਸਦਾ claim ਦਾਖਲ ਕਰੇ। ਜੇ ਬੋਲੀ ਦੇ ਆਧਾਰ ਤੇ ਹਰਿਆਣੇ ਨੂੰ ਜਾਂਦਾ ਹੋਵੇ, ਜਾਣ ਦਿਓ। ਇਹਦੇ ਦੁਆਲੇ ਵਿਰੋਧੀ ਦਲ ਇਕੱਠੇ ਹੋ ਚੁੱਕੇ ਸੀ ਔਰ ਉਹ ਆਪਣਾ ਸੁਝਾਅ ਵੀ ਦੇ ਚੁੱਕੇ ਸੀ ਸਰਕਾਰ ਦਾ ਹੁਣ ਕੰਮ ਸੀ ਤੇ ਸਰਕਾਰ ਵੀ ਨੇੜੇ ਆ ਚੁੱਕੀ ਸੀ। ਬਈ ਇਹੋ ਜਿਹਾ ਹੱਲ ਲੱਭ ਕੇ ਦੱਸ ਦਿੱਤਾ ਜਾਏ। ਇਸ ਲਈ ਪੰਜਾਬ ਦੀਆਂ ਸਾਂਝੀਆਂ ਮੰਗਾਂ ਤਾਂ ਮੁੱਕ ਗਈਆਂ ਸਨ। ਧਾਰਮਿਕ ਮੰਗਾਂ ਤੇ ਪਹਿਲਾਂ ਹੀ ਫੈਸਲਾ ਹੋ ਚੁੱਕਾ ਸੀ — ਹੁਣ ਜਿਹੜੀ ਸੰਵਿਧਾਨ ਦੀ ਗੱਲ ਹੈ ਇਹਦੇ ਸਿਲਸਿਲੇ ਵਿਚ ਜੇ ਉਹ ਗੱਲਬਾਤ ਕਰਦੇ ਕਿਸੇ ਪਾਸੇ ਉਹਦੇ ਵਿਚ ਕੋਈ ਕਠਨਾਈ ਵਾਲੀ ਗੱਲ ਨਹੀਂ ਸੀ। ਉਹਦਾ ਕੋਈ ਰਾਹ ਲੱਭ ਪੈਂਦਾ। ਮਸਲਮ ਜੇ ਉਹਨਾਂ ਨੂੰ ਇਤਰਾਜ਼ ਹੈ ਕਿ ਸਿਖਾਂ ਨੂੰ ਅਲੱਗ ਧਰਮੀ ਮੰਨਿਆ ਹੋਇਆ ਹੈ ਤਾਂ ਉਹ ਗੱਲ ਵਿਰੋਧੀ ਦਲ ਸਮਝਾ ਦਿੰਦੇ ਕਿ ਸੁਪਰੀਮ ਕੋਰਟ ਤੋਂ ਤਸ਼ਰੀਹ ਲੈ ਲਵੋ। ਧਾਰਾ - 25 ਬਾਰੇ ਜੇ ਤੁਹਾਨੂੰ ਇਹ ਇਤਰਾਜ਼ ਹੈ ਕਿ ਸਿੱਖਾਂ ਨੂੰ ਅਲੱਗ ਧਰਮ ਨਹੀਂ ਹਿੰਦੂਆਂ ਤੇ ਮੰਨਿਆ ਹੋਇਆ ਤਾਂ ਸੁਪਰੀਮ ਕੋਰਟ ਤੋਂ ਤਸ਼ਰੀਹ ਲੈ ਦਿੰਦੇ ਹਾਂ ਜੇ ਨਾ ਹੋਵੇ ਤਾਂ ਅਲੱਗ ਧਰਮ ਸਾਡੇ ਮੁਤਾਬਿਕ ਮੰਨਿਆ ਹੋਇਆ ਹੈ।

ਦ. ਗਿੱਲ — ਜਿਹੜੀ 25 ਧਾਰਾ ਹੈ ਇਕ ਤਾਂ ਉਸ ਵਿਚ ਇਹ ਹੈ ਕਿ ਬੋਧੀ, ਜੈਨੀ, ਸਿੱਖ ਤੇ ਹਿੰਦੂ ਹਨ ਇਹ ਹਿੰਦੂ ਵਿਰਾਸਤ ਐਕਟ ਦੇ ਨਾਲ ਨੇ

ਸੁਰਜੀਤ — ਨਹੀਂ ਨਹੀਂ। ਵਿਰਾਸਤ ਐਕਟ 'ਚ ਉਂਝ ਥੋੜੀ ਜਿਹੀ ਗੱਲ ਆਉਂਦੀ ਹੈ। ਧਾਰਾ ਵਿਚ ਤਾਂ ਇਹ ਲਿਖਿਆ ਹੋਇਆ ਹੈ ਪਹਿਲੀ ਉਹਦੀ ਕਲੌਜ ਵਿਚ ਲਿਖਿਆ ਹੋਇਆ ਹੈ ਬਈ ਸਿੱਖਾਂ ਨੂੰ ਧਾਰਮਿਕ ਚਿੰਨ ਕਰਕੇ ਕ੍ਰਿਪਾਨ ਪਹਿਨਣ ਦੀ ਇਜਾਜ਼ਤ ਹੈ। Exp. 2 ਵਿਚ ਲਿਖਿਆ ਹੋਇਆ ਬਈ ਸਿੱਖਾਂ ਨੂੰ ਬੋਧੀਆਂ ਨੂੰ ਜੈਨੀਆਂ ਨੂੰ ਹਿੰਦੂਆਂ ਦੇ ਮੰਦਰਾਂ ਵਿਚ ਜਾਣ ਦੀ ਇਜਾਜ਼ਤ ਹੈ। ਲਿਖਿਆ ਤਾਂ ਏਨਾ ਹੀ ਹੈ ਇਹਤੋਂ ਵੱਧ ਹੋਰ ਇਸ ਧਾਰਾ ਵਿਚ ਹੈ ਨੀ। ਸਮਝਦਾਰੀ ਇਸ ਗੱਲ ਤੋਂ ਲੈਂਦੇ ਹੈ ਚੂੰਕਿ ਇਸ ਤੋਂ ਅੱਗੇ ਰਵਾਇਤੀ ਤੌਰ ਤੇ ਜਿਹੜਾ customery law ਹੈ ਸਾਡਾ ਰਵਾਇਤੀ ਉਹ ਹਿੰਦੂ ਚੂੰਕਿ ਮੁਸਲਮਾਨ ਉਸ customery law ਤੋਂ ਲਾਂਭੇ ਨੇ ਕ੍ਰਿਸ਼ਚਿਨ ਲਾਂਭੇ ਨੇ। ਸਾਡੇ ਤੇ ਲਾਗੂ ਹੁੰਦਾ ਹੈ ਬਾਕੀ ਸਾਰਿਆਂ ਤੇ ਲਾਗੂ ਹੁੰਦਾ ਹੈ। ਉਹ customery law ਹੈ customery law ਦੇ ਵਿਚ ਅਸੀਂ ਆਉਂਦੇ ਹਾਂ।

(ਚਲਦਾ)

# ਲੁਚਪੁਣੇ ਦੇ ਸ਼ੌਕੀਨ ਵੀ.ਆਈ.ਪੀ.

ਹਾਨੋਵਰ (ਪਛਮੀ ਜ਼ਰਮਨੀ) — ਇਥੇ ਹੋ ਰਹੇ ਭਾਰਤੀ ਵਪਾਰ ਮੇਲੇ ਵਿਚ ਸ਼ਾਮਲ ਹੋਏ ਇਕ ਰਾਜ ਦੇ ਵੀ.ਆਈ.ਪੀ.ਨੇ ਏਨੀ ਖਰ੍ਹੂਦ ਪਾਈ ਕਿ ਉਹ ਭਾਰਤੀ ਦੂਤਾਵਾਸ ਤੇ ਮੇਲੇ ਦੇ ਅਧਿਕਾਰੀਆਂ ਲਈ ਸਿਰਦਰਦੀ ਬਣ ਗਿਆ ਤੇ ਉਹਨਾਂ ਨੂੰ ਸੁਝ ਨਹੀਂ ਰਿਹਾ ਕਿ ਉਸਦਾ ਕੀ ਕੀਤਾ ਜਾਏ।

ਏਅਰ ਇੰਡੀਆ ਦੇ ਜਹਾਜ਼ਰਾਹੀਂ ਕੰਬਈ ਤੋਂ ਫਰੈਂਕ ਫਰਟ ਤਕ ਸਫਰ ਕਰਦਿਆਂ ਹੀ ਇਸ ਵੀ.ਆਈ.ਪੀ. ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿਤਾ ਸੀ। ਫਰੈਂਕ ਫਰਟ ਪਹੁੰਚਣ ਉਤੇ ਜਹਾਜ਼ ਤੋਂ ਉਤਰਣ ਸਮੇਂ ਉਸਨੇ ਜਹਾਜ਼ ਦੇ ਇਸਤਰੀ ਮੈਂਬਰ ਨਾਲ ਛੇੜਖਾਨੀ ਕੀਤੀ। ਜਦੋਂ ਅਮਲੇ ਦੇ ਮਰਦ ਮੈਂਬਰਾਂ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨਾਲ ਵੁਲਝ ਪਿਆ। ਹਥੋ-ਪਾਈ ਵਿਚ ਇਹ ਵੀ,ਆਈ.ਪੀ. ਥੱਲੇ ਵੀ ਡਿੱਗ ਪਿਆ ਤੇ ਉਸਦਾ ਦੰਦ ਟੁੱਟ ਗਿਆ। ਜਦੋਂ ਉਸਨੂੰ ਡਾਕਟਰੀ ਦੇਖਭਾਲ ਲਈ ਕਾਰ ਵਿਚ ਲਿਜਾਇਆ ਜਾ ਰਿਹਾ ਸੀ ਤਾਂ ਉਹ ਡਰਾਈਵਰ ਨਾਲ ਉਲਝ ਪਿਆ। ਡਰਾਈਵਰ ਉਸਨੂੰ ਸਿੱਧਾ ਪੁਲੀਸ ਥਾਣੇ ਲੈ ਗਿਆ। ਕੇਵਲ ਭਾਰਤੀ ਤੇ ਜਰਮਨੀ ਅਧਿਕਾਰੀਆਂ ਦੇ ਦਖਲ ਉਤੇ ਉਸਨੂੰ ਛੱਡਿਆ ਗਿਆ ਪਰ ਉਦੋਂ ਤਕ ਨਹੀਂ ਜਦੋਂ ਉਹ ਕਾਫੀ ਠੰਡਾ ਨਾ ਹੋ ਗਿਆ।

ਫਰੈਂਕ ਫਰਟ ਤੋਂ ਰਵਾਨਾ ਹੋਕੇ ਇਹ ਵੀ.ਆਈ.ਪੀ. ਹਾਨੋਵਰ ਪੱਜਾ ਤਾਂ ਉਥੇ ਵੀ ਪੰਗਾ ਲਏ ਬਿਨਾ ਨਾ ਰਹਿ ਸਕਿਆ। ਜਿਸ ਹੋਟਲ ਵਿਚ ਉਹ ਠਹਿਰਿਆ ਸੀਉਸ ਦੀ ਇਕ ਮੇਡ ਨਾਲ ਉਸਨੇ ਛੇਡਖਾਨੀ ਕਰ ਦਿਤੀ। ਹੋਟਲ ਦੇ ਅਧਿਕਾਰੀਆਂ ਨੂੰ ਬੜੀ ਮੁਸ਼ਕਲ ਨਾਲ ਵੀ.ਆਈ.ਪੀ. ਵਿਰੁਧ ਕਾਰਵਾਈ ਨਾ ਕਰਨ ਲਈ ਮਨਾਇਆ।

ਅਧਿਕਾਰੀ ਨਵੀਂ ਦਿੱਲੀ ਨੂੰ ਟੈਲੀਫੋਨ ਤੇ ਟੈਲੀਫੋਨ ਖੜਕਾ ਰਹੇ ਹਨ ਕਿ ਇਸ ਤੋਂ ਪਹਿਲਾਂ ਕਿ ਇਹ ਵੀ.ਆਈ.ਪੀ. ਕੋਈ ਹੋਰ ਪੁਆੜਾ ਖੜਾ ਕਰੇ ਇਸਨੂੰ ਵਾਪਸ ਬੁਲਾ ਲਿਆ ਜਾਏ।

# ਹਿੰਦ—ਰੂਸ ਭਰਪਣ ਨੂੰ ਨਵਾਂ ਹੁਲਾਰਾ

ਮਾਸਕੋ — ਹਿੰਦ—ਸੋਵੀਅਤ ਸਾਂਝੇ ਪੁਲਾੜ ਮਿਸ਼ਨ ਨੇ ਇਥੇ "ਰੂਸੀ—ਹਿੰਦੀ ਭਾਈ—ਭਾਈ" ਜਜਬਾਤ ਵਿਚ ਨਵਾਂ ਨਰੋਇਆ ਉਭਾਰ ਲਿਆਂਦਾ ਹੈ। ਅਜ ਕਲ ਮਾਸਕੋ ਸ਼ਹਿਰ ਵਿਚ ਹਰ ਥਾਂ ਹਰ ਗਲੀ ਵਿਚ ਭਾਰਤੀ ਲੋਕਾਂ ਨੂੰ ਸੋਵੀਅਤ ਲੋਕ ਭਾਂਵੇ ਉਹ ਇਕ ਦੂਜੇ ਨੂੰ ਜਾਣਦੇ ਹਨ ਜਾਂ ਨਹੀਂ "ਰੂਸੀ ਹਿੰਦੀ ਭਾਈ—ਭਾਈ" ਆਖ ਕੇ ਵਧਾਈਆਂ ਦੇ ਰਹੇ ਹਨ, ਸੋਵੀਅਤ ਯੂਨੀਅਨ ਵਿਚ ਇੰਜ ਆਖਣਾ ਕੋਈ 30 ਸਾਲ ਪਹਿਲਾਂ ਪ੍ਰਚਲਤ ਹੋਇਆ ਸੀ ਜਦੋਂ ਪੁਲਾੜ ਯੁਗ ਅਤੇ ਹਿੰਦ ਸੋਵੀਅਤ ਸਬੰਧਾਂ ਵਿਚ ਦੋਸਤਾਨਾ ਦੌਰ ਦੋਹਵੇਂ ਸ਼ੁਰੂ ਹੋਏ ਸਨ।

ਸੋਵੀਅਤ ਲੋਕਾਂ ਵਲੋਂ ਭਾਰਤ ਲਈ ਅਤੇ ਭਾਰਤੀਆਂ ਲਈ ਦੋਸਤਾਨਾ ਜਜਬਾਤ ਵਿਚ ਖਾਸ ਕਰਕੇ ਉਦੋਂ ਹੋਰ ਉਭਾਰ ਆਇਆ ਜਦੋਂ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਭਾਰਤੀ ਪੁਲਾੜਬਾਜ ਰਾਕੇਸ਼ ਸ਼ਰਮਾ ਵਿਚਕਾਰ ਪੁਲਾੜ ਟੈਲੀਵੀਜਨ ਰਾਹੀਂ ਪੰਜ ਅਪ੍ਰੈਲ ਨੂੰ ਹੋਈ ਗਲਬਾਤ ਸੋਵੀਅਤ ਟੈਲੀਵੀਜਨ ਦੇ ਖਬਰਾਂ ਵਾਲੇ ਮੁਖ 'ਸੌਅ' ਵਰੇਮਯਾ (ਸਮਾਂ) ਵਿਚ ਪੂਰੀ ਦੀ ਪੂਰੀ ਟੈਲੀਕਾਸਟ ਕੀਤੀ ਗਈ।

ਉਦੋਂ ਤੋਂ ਹੀ ਸੋਵੀਅਤ ਮਰਦ ਅਤੇ ਔਰਤਾਂ ਦੁਕਾਨਾ ਆਦਿ ਵਿਚ ਭਾਰਤੀ ਔਰਤਾਂ ਨੂੰ ਰੋਕ ਲੈਂਦੇ ਹਨ ਅਤੇ ਇਹ ਦਸਣ ਲਗ ਪੈਂਦੇ ਹਨ ਕਿ ਕਿਵੇਂ ਉਹਨਾਂ ਨੇ ਟੈਲੀਵੀਯਨ ਉਤੇ "ਇੰਦਰਾ ਗਾਂਧੀ" ਨੂੰ "ਰਾਕੇਸ਼" ਨਾਲ ਗਲਬਾਤ ਕਰਦਿਆਂ ਵੇਖਿਆ।

ਪੁਰਾਣੇ ਲੋਕਾਂ ਦਾ ਕਹਿਣਾ ਹੈ ਕਿ ਪਹਿਲੀਆਂ "ਇੰਟਰ ਕਾਸਮੋਸ" ਉਡਾਨਾਂ ਦੌਰਾਨ ਕਦੀ ਵੀ ਅਜੇਹੀ ਵਿਸਥਾਰ ਕਵਰੇਜ਼ ਨਹੀਂ ਹੋਈ।

ਤਾਂ ਭੀ ਜੁਲਾਈ 1975 ਦੀ ਅਪੋਲੋ-ਸੋਯੂਜ ਉਡਾਨ ਨੂੰ ਚਿੰਨ੍ਹ ਵਜੋਂ ਵਰਤਦਿਆਂ ਹੋਇਆਂ ਸਭਿਆਚਾਰਕ ਜੀਵਨ ਵਿਚ ਕਈ ਮੋਟਿਵਜ਼ ਲਿਆਂਦੇ।

## ਬਚਿਆਂ ਲਈ
# ਬੁੱਝ ਸਕ ਤਾ ਬੁੱਝੋ

1.ਉਂਗਲ ਕੁ ਕੁੜੀ - ਗਜ਼ ਦਾ ਨਾਲਾ
2.ਇਕ ਕੁੜੀ ਦੋ ਢਿੱਡੀਆਂ
3.ਇਕ ਸਿੰਗੀ ਗਾਂ, ਥੋੜੇ ਸਾਰੇ ਟੱਬਰ ਦੀ ਮਾਂ
4.ਇਕ ਬਰੂਟੀ ਝੰਬਰ ਝੂਟੀ, ਮੇਵਾ ਵੰਨਸਗੰਨਾ ਦਾ
ਜਾਂਬਰੂਟੀ ਪੱਕਣ ਲੱਗੀ, ਝੁਰਮਟ ਪੈ ਗਿਆ ਰੰਨਾਂ ਦਾ
5.ਐਨੀ ਕੁ ਹਰਨੀ, ਸਾਰਾ ਖੇਤ ਚਰਨੀ, ਮੀਂਗਣ ਇਕ ਨ ਕਰਨੀ

6.ਵੇਲ ਖੜੀ ਦਰਿਆ ਵਿਚ, ਫੁਲ ਖੜਾ ਮੰਡਲਾਏ
ਹੇ ਸਖੀ ਮੈਂ ਤੈਥੋਂ ਪੁੱਛਾਂ , ਫੁਲ ਵੇਲ ਨੂੰ ਖਾਏ

7.ਹੌਜ਼ ਭਰਿਆ ਸੀ, ਹਿਰਨ ਖੜਾ ਸੀ
ਹਜ਼ ਮੁੱਕ ਗਿਆ , ਹਿਰਨ ਭੱਜ ਗਿਆ

8.ਢਿੱਡ ਵਿਚੋਂ ਕੱਢੀ ਵੱਖੀ ਵਿਚ ਮਾਰੀ
ਲਾ ਕੇ ਅੱਗ ਸਾੜ ਦਿਤੀ ਸਾਰੀ

9.ਇਕ ਮੇਰਾ ਭਾਈ ਮੇਘਾ, ਦਿਨੇ ਖੜਾ ਰਾਤੀਂ ਟੇਢਾ

10.ਇਕ ਮੇਰਾ ਭਾਈ ਡੱਡੂ, ਹੇਠਾਂ ਦੀ ਖਾਊ ਉਪਰ ਦੀ ਕੱਢੂ

## ਪਿਛਲੀਆਂ ਬੁਝਾਰਤਾਂ ਦੇ ਉੱਤਰ

1.ਮੁੜਕਾ 2.ਮੂੰਹ ਤੇ ਦੰਦ 3.ਵਾਲ 4.ਸੱਗੀ 5.ਸੁਰਮੇਦਾਨੀ
6.ਕਹੀ 7.ਕੁਤਰੇ ਵਾਲੀ ਮਸ਼ੀਨ 8.ਕੋਹਲੂ 9.ਖੂਹ 10.ਖੂਹ ਦੀਆਂ ਟਿੰਡਾਂ


ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ

7050 - 120 ਸਟਰੀਟ ਸਰੀ ਵਿਖੇ ਸਹਾਇਕ ਗ੍ਰੰਥੀ - ਕੰਮ - ਪੰਜਾਬੀ ਅਧਿਆਪਕ ਦੀ ਲੋੜ ਹੈ

ਜੋ ਗੁਰਬਾਣੀ ਅਤੇ ਗੁਰਮਤ ਬਾਰੇ ਪੂਰੀ ਜਾਣਕਾਰੀ ਰੱਖਦੇ ਹੋਣ। ਟੀਚਿੰਗ ਦਾ ਤਜਰਬਾ ਹੋਵੇ।

ਤਨਖਾਹ ਯੋਗਤਾ ਅਤੇ ਤਜਰਬੇ ਅਨੁਸਾਰ ਨਿਯੁਕਤ ਕੀਤੀ ਜਾਵੇਗੀ। ਲਿਖਤੀ ਰੂਪ ਵਿਚ ਦਰਖਾਸਤਾਂ ਤਜਰਬੇ ਅਤੇ ਯੋਗਤਾਵਾਂ ਦੇ ਵੇਰਵੇ ਸਮੇਤ ਗੁਰੂ ਘਰ ਦੇ ਪਤੇ ਤੇ 20 ਮਈ ਤੱਕ ਪੁੱਜ ਜਾਣੀਆਂ ਚਾਹੀਦੀਆਂ ਹਨ।

ਹੋਰ ਜਾਣਕਾਰੀ ਲਈ ਹੇਠ ਲਿਖੇ ਟੈਲੀਫੋਨਾਂ ਤੇ ਸੰਪਰਕ ਕਰੋ :—

946-1866 ਮਲਕੀਤ ਸਿੰਘ ਦੁਸਾਂਝ
584-1575 ਹਰਜਿੰਦਰ ਸਿੰਘ ਢਿੱਲੋਂ



MANN MUSIC VIDEO & PHOTO STUDIO

ਫ਼ੋਨ : 321-6667

6512 Main St.(49th Ave.) VANCOUVER, B.C.

Mail Order Accepted

ਗੁਰਦਾਸ ਮਾਨ ਦੇ ਸ਼ੋਅ ਦੀਆਂ ਟਿਕਟਾਂ ਇਥੋਂ ਖਰੀਦੋ

ਸੇਫ ਡਰਾਈਵਿੰਗ ਗਾਈਡ ਬੁੱਕ ਵੀ ਤੁਹਾਨੂੰ ਇਥੋਂ ਮਿਲ ਸਕਦੀ ਹੈ

ਅਵਤਾਰ ਸਿੰਘ ਭੌਰਾ ਦੇ ਢਾਡੀ ਜੱਥੇ ਦੀ ਆਵਾਜ਼ ਵਿਚ ਵਿਸਾਖੀ ਦਾ ਪ੍ਰਸੰਗ ਟੇਪ ਮਾਨ ਮਿਊਜ਼ਿਕ ਵੀਡੀਓ ਤੇ ਰੀਲੀਜ਼ ਹੋ ਗਈ ਹੈ

83 ਨੰਬਰ ਨਵੇਂ ਗਾਣਿਆਂ ਦੀ ਟੇਪ, ਜਿਸ ਵਿਚ ਮੁਹੰਮਦ ਸਦੀਕ, ਰਣਜੀਤ ਕੌਰ ਅਤੇ ਸੁਰਿੰਦਰ ਛਿੰਦਾ ਦੀਆਂ ਕਲੀਆਂ ਹਨ

ਵਿਆਹ ਦੀ ਵੀਡੀਓ ਮੂਵੀ ਤੇ ਫੋਟੋ ਖਿਚਵਾਉਣ ਲਈ ਬਾਹਰਲੇ ਸ਼ਹਿਰਾਂ ਵਿਚ ਵੀ ਪ੍ਰਬੰਧ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ—ਅੰਗਰੇਜ਼ੀ ਵਿਚ—ਚਾਰ ਜਿਲਦਾਂ

ਜਸਵੰਤ ਕੰਵਲ ਦਾ ਨਵਾਂ ਨਾਵਲ — ਮੋੜਾ, ਚਰਚਿਤ 'ਲਹੂ ਦੀ ਲੋਅ', ਮੁਮਲ

ਧਾਰਮਿਕ ਕਿਤਾਬਾਂ - ਸਟੀਕਾਂ

ਅੰਮ੍ਰਿਤਾ ਪ੍ਰੀਤਮ ਦੇ ਸਾਰੇ ਨਾਵਲ

(ਪੰਨਾ 6 ਦੀ ਬਾਕੀ)

ਤਿੰਨ ਹਜ਼ਾਰ ਤੋਂ ਚਾਰ ਹਜ਼ਾਰ ਡਿਗਰੀ ਟੈਂਪਰੇਚਰ ਹੋਣ ਕਰਕੇ ਕਈ ਸਰੀਰ ਸੜ ਕੇ ਸੁਆਹ ਹੋ ਗਏ। ਕਈ ਥਾਈਂ ਬੰਦਿਆਂ ਦੀ ਹੋਂਦ ਦੀ ਥਾਂ ਇਕ ਕਾਲਾ ਧੱਬਾ ਹੀ ਉਨ੍ਹਾਂ ਦੇ ਸਰੀਰ ਦਾ ਨਿਸ਼ਾਨ ਰਹਿ ਗਿਆ। ਗਰਮ ਕਿਰਨਾਂ ਨਾਲ ਪੱਥਰ ਕਾਲੇਸ਼ਾਹ ਹੋ ਗਏ। ਇਕ ਬੰਦਾ ਸਾਈਕਲ ਉਤੇ ਚੜ੍ਹਿਆ ਇਕ ਪੁਲ ਉਤੋਂ ਲੰਘ ਰਿਹਾ ਸੀ। ਉਥੇ ਪੁਲ ਦੀ ਕੰਧ ਉਤੇ ਉਸਦਾ ਤੇ ਉਸਦੇ ਸਾਈਕਲ ਦਾ ਪਰਛਾਵਾਂ ਅਜੇ ਤੱਕ ਬਣਿਆ ਹੋਇਆ ਹੈ। ਉਹ ਸਾਈਕਲ ਸਮੇਤ ਇਕ ਪਰਛਾਵੇਂ ਦੇ ਰੂਪ ਵਿਚ ਹੀ ਰਹਿ ਗਿਆ।

ਹਸਪਤਾਲ ਡਾਕਟਰ ਤੇ ਨਰਸਾਂ ਸਭ ਇਸ ਤੂਫਾਨ ਦਾ ਸ਼ਿਕਾਰ ਹੋਣ ਕਰਕੇ ਦੁਖੀ ਮਜ਼ਲੂਮਾਂ ਦੇ ਇਲਾਜ ਦਾ ਸਭ ਪ੍ਰਬੰਧ ਨਸ਼ਟ ਹੋ ਗਿਆ। ਜਿਨ੍ਹਾਂ ਲੋਕਾਂ ਦੇ ਸਰੀਰ ਕੇਵਲ ਦਸ ਪਰਸੈਂਟ ਝੁਲਸੇ ਸਨ ਉਨ੍ਹਾਂ ਵਿਚੋਂ ਕਾਫੀ ਬਚ ਗਏ। ਜਿਨ੍ਹਾਂ ਦੇ ਸਰੀਰ ਵੀਹ ਪਰਸੈਂਟ ਜਲੇ ਸਨ ਉਨ੍ਹਾਂ ਵਿਚੋਂ ਵੀ ਕੁਝ ਲੋਕ ਬਚ ਨਿਕਲੇ ਪਰ ਜਿਨ੍ਹਾਂ ਦੇ ਸਰੀਰ ਚਾਲੀ ਪਰਸੈਂਟ ਜਲੇ ਸਨ ਉਨ੍ਹਾਂ ਵਿਚੋਂ ਵੀ ਕੁਝ ਲੋਕ ਨਾ ਮਰੇ।

ਜਿਨ੍ਹਾਂ ਲੋਕਾਂ ਨੇ ਕੱਪੜੇ ਪਾਏ ਹੋਏ ਸਨ ਉਨ੍ਹਾਂ ਦਾ ਕੁਝ ਬਚਾਅ ਹੋ ਗਿਆ। ਅਗਸਤ ਵਿਚ ਬੜੀ ਸਖਤ ਗਰਮੀ ਤੇ ਹੁੰਮਸ ਹੁੰਦੀ ਹੈ ਜਾਪਾਨ ਵਿਚ। ਕੱਪੜਿਆਂ ਦੇ ਕਾਰਨ ਰੇਡੀਏਸ਼ਨ ਤੋਂ ਕੁਝ ਬਚਾਹ ਹੋ ਗਿਆ। ਜਿਨ੍ਹਾਂ ਲੋਕਾਂ ਨੇ ਗੂੜੇ ਰੰਗਾਂ ਦੇ ਕੱਪੜੇ ਪਹਿਨੇ ਹੋਏ ਸਨ ਉਨ੍ਹਾਂ ਉਤੇ ਰੇਡੀਏਸ਼ਨ ਨੇ ਘੱਟ ਅਸਰ ਕੀਤਾ। ਜਿਹੜੇ ਲੋਕ ਇਕ ਮੁਰੱਬਾ ਮੀਲ ਦੇ ਅੰਦਰ ਸਨ ਉਹ ਤਾਂ ਸੜ ਕੇ ਸੁਆਹ ਹੋ ਗਏ।

ਖੁੰਭ ਸ਼ਕਲ ਦੀ ਅੱਗ ਦੀ ਰੇਡੀਏਸ਼ਨ ਕੇਵਲ ਇਕ ਮਿੰਟ ਹੀ ਸੀ। ਹੀਰੋਸ਼ੀਮਾ ਵਾਲੇ ਬੰਬ ਵਿਚ ਦੋ ਕਿਸਮ ਦੀਆਂ ਨੀਊਟਰਾਨ ਤੇ ਗਾਮਾਂ ਕਿਰਨਾਂ ਸਨ ਪਰ ਨਾਗਾਸਾਕੀ ਵਾਲੇ ਐਟਮ ਬੰਬ ਵਿਚ ਕੇਵਲ ਗਾਮਾ ਕਿਰਨਾਂ ਹੀ ਸਨ।

ਹੀਰੋਸ਼ੀਮਾ ਵਾਲਾ ਬੰਬ ਤੜਕੇ ਸਵਾ ਅੱਠ ਵਜੇ 6 ਅਗਸਤ 1945 ਨੂੰ ਸੁਟਿਆ ਗਿਆ ਸੀ ਟੈਮਪਰੇਚਰ ਦਾ ਤਾਅ ਏਨਾ ਸਖਤ ਸੀ ਕਿ ਕੋਈ ਵੀ ਉਸ ਤਾਅ ਤੋਂ ਨਾ ਬਚ ਸਕਿਆ। ਜਿਥੇ ਜਿਥੇ ਕੋਈ ਸੀ ਉਥੇ ਹੀ ਖਤਮ ਹੋ ਗਿਆ। ਕਿਸੇ ਕਾਰਨ ਬੰਬਾਰਾਂ ਦੀ ਉਡਾਰੀ ਬਾਰੇ ਹਮਲੇ ਦਾ ਅਲਾਰਮ ਵੀ ਨਹੀਂ ਸੀ ਕੀਤਾ ਗਿਆ ਜਦ ਕਿ ਤਿੰਨ ਅਮਰੀਕਨ ਹਵਾਈ ਬੰਬਰ ਸ਼ਹਿਰ ਉਤੇ ਉਡਾਰੀਆਂ ਲਾ ਰਹੇ ਸਨ।

ਰੇਡੀਏਸ਼ਨ ਦੇ ਕਾਰਨ ਲੋਕ ਬੇਹੋਸ਼ ਹੋ ਗਏ। ਉਲਟੀਆਂ ਕਰਨ ਲਗ ਪਏ। ਉਨ੍ਹਾਂ ਦੇ ਮੂੰਹ ਨੱਕ ਤੋਂ ਲਹੂ ਵਗ ਤੁਰਿਆ। ਉਨ੍ਹਾਂ ਦੇ ਸਰੀਰਾਂ ਅੰਦਰ ਲਹੂ ਦੀਆਂ ਧਾਰਾਂ ਫੁੱਟ ਪਈਆਂ ਜੋ ਅਦਿਖ ਸਨ। ਸਿਰਾਂ ਦੇ ਵਾਲ ਬਿਲਕੁਲ ਉਡ ਗਏ।

ਸ਼ਹਿਰ ਦੀ ਬਿਜਲੀ ਖਤਮ ਹੋ ਗਈ। ਪਾਣੀ ਦੇ ਨਲਕੇ ਖਤਮ ਹੋ ਗਏ। ਡਾਕ ਤਾਰ ਤੇ ਟੈਲੀਫੋਨ ਖਤਮ। ਸ਼ਹਿਰ ਦੀਆਂ ਬਸਾਂ ਤੇ ਟਰੈਮਾਂ ਸੜ ਕੇ ਸੁਆਹ ਹੋ ਗਈਆਂ। ਟੈਲੀਫੋਨ ਤੇ ਬਿਜਲੀ ਦੇ ਖੰਭੇ ਤੇ ਤਾਰਾਂ ਸੜ ਰਹੀ ਧਰਤੀ ਉਤੇ ਜਾ ਪਏ।

## ਐਟਮ ਬੰਬ ਰੇਡੀਏਸ਼ਨ ਦਾ ਜਾਪਾਨੀਆਂ ਉਤੇ ਅਸਰ

ਰੇਡੀਏਸ਼ਨ ਦੀ ਬੀਮਾਰੀ ਨਾਲ ਲੋਕਾਂ ਦੀ ਨਜ਼ਰ ਜਾਂਦੀ ਰਹੀ। ਕਈ ਲੋਕ ਅੰਨ੍ਹੇ ਹੋ ਗਏ। ਬਹੁਤਿਆਂ ਦੀ ਨਜ਼ਰ ਘਟ ਗਈ। ਟੀਊਮਰ ਤੇ ਕੈਂਸਰ ਹੋ ਗਏ। ਲੇਓਕੀਮੀਆਂ ਦੀ ਬੀਮਾਰੀ ਵਿਚ ਲੋਕ ਗਰੱਸੇ ਗਏ। ਹਜ਼ਾਰਾਂ ਲੋਕ ਲੰਗ-ਕੈਂਸਰ ਨਾਲ ਮਾਰੇ ਗਏ।

ਗਰਭਵਤੀ ਮਾਵਾਂ ਦੇ ਬੱਚੇ ਗਿਰ ਗਏ। ਕਈ ਬੱਚੇ ਸਮੇਂ ਤੋਂ ਪਹਿਲੋਂ ਹੀ ਪੈਦਾ ਹੋ ਗਏ ਜੋ ਛੇਤੀ ਹੀ ਮਰ ਗਏ। ਕਈ ਨਵਜਨਮੇ ਬੱਚਿਆਂ ਦੇ ਅੰਗ ਵਿੰਗੇ ਟੇਢੇ ਹੋਣ ਕਰਕੇ ਮਰ ਗਏ।

ਇਕ ਲੜਕੀ ਨਾਗਾਸਾਕੀ ਵਿਚ ਬੰਬ ਪੈਣ ਸਮੇਂ ਦਸਾਂ ਸਾਲਾਂ ਦੀ ਸੀ ਤੇ ਸਕੂਲ ਵਿਚ ਪੜ੍ਹ ਰਹੀ ਸੀ। ਉਸ ਨੇ ਗਿਆਰਾਂ ਸਾਲਾਂ ਮਗਰੋਂ ਵਿਆਹ ਕੀਤਾ। ਦੋ ਸਾਲਾਂ ਮਗਰੋਂ ਲੜਕਾ ਪੈਦਾ ਹੋਇਆ। ਇਕ ਸਾਲ ਮਗਰੋਂ ਲੜਕੀ ਪੈਦਾ ਹੋਈ। ਉਸਦੀ ਧੀ ਲੁਕੀਮੀਏ ਦੀ ਬੀਮਾਰੀ ਨਾਲ ਅਪਰੈਲ 1974 ਵਿਚ ਮਰ ਗਈ। ਉਸ ਦਾ ਪੁੱਤਰ ਉਸ ਸਾਲ ਬੀਮਾਰ ਹੋ ਗਿਆ। ਉਹ ਵੀ 1975 ਵਿਚ ਲੁਕੀਮੀਏ ਦੀ ਬੀਮਾਰੀ ਨਾਲ ਮਰ ਗਿਆ।

ਐਟਮ ਬੰਬ ਦੀ ਰੇਡੀਏਸ਼ਨ ਦਾ ਅਸਰ ਦੂਜੀ ਪੀੜ੍ਹੀ ਤੱਕ ਵੀ ਜਾ ਪਹੁੰਚਾ। ਜਿਹੜੇ ਬੱਚੇ ਐਟਮ ਬੰਬ ਚੱਲਣ ਸਮੇਂ ਮਾਂ ਦੇ ਗਰਭ ਵਿਚ ਵੀ ਨਹੀਂ ਸਨ ਤੇ ਕਈ ਸਾਲ ਮਗਰੋਂ ਗਰਭਵਤੀ ਮਾਵਾਂ ਤੋਂ ਜਨਮੇ ਉਹ ਵੀ ਰੇਡੀਏਸ਼ਨ ਤੋਂ ਨਹੀਂ ਬਚ ਸਕੇ। ਨਵੇਂ ਜਨਮੇ ਬੱਚਿਆਂ ਦੇ ਸਿਰ ਛੋਟੇ ਤੇ ਦਿਮਾਗ ਬਿਲਕੁਲ ਅਧੂਰੇ ਹਨ। ਇਨ੍ਹਾਂ ਬੱਚਿਆਂ ਦੀ ਦਿਮਾਗੀ-ਸ਼ਕਤੀ ਹਦੋਂ ਵੱਧ ਕਮਜ਼ੋਰ ਹੈ। ਅਜਿਹੇ ਬੱਚੇ ਆਪਣੀ ਸੰਭਾਲ ਕਰਨ ਯੋਗ ਵੀ ਨਹੀਂ।

ਪਰਵਾਰਾਂ ਦੇ ਪਰਵਾਰ ਖਤਮ ਹੋ ਗਏ। ਹਜ਼ਾਰਾਂ ਬੱਚੇ ਯਤੀਮ ਹੋ ਗਏ। ਮਾਵਾਂ ਬਿਧਵਾ ਹੋ ਗਈਆਂ। ਹੀਰੋਸ਼ੀਮਾ ਤੇ ਨਾਗਾਸਾਕੀ ਦੇ ਲੱਖਾਂ ਲੋਕ ਮਾਰ ਕੇ ਜੋ ਗੁਨਾਹ ਕੀਤਾ ਗਿਆ ਹੈ ਉਸ ਤੋਂ ਵੱਡੇ ਗੁਨਾਹ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ।

ਜੋ ਪੇੜ ਫਲ ਨਹੀਂ ਦੇਤੇ ਵਹ ਕਾਟਤੇ ਜਾਓ,
ਖ਼ਿਜ਼ਾਂ ਕਾ ਜ਼ਹਰ ਯੂੰ ਹੀ ਗੁਲਸਿਤਾਂ ਸੇ ਨਿਕਲੇਗਾ।

(ਪੰਨਾ 2 ਦੀ ਬਾਕੀ)

ਜਨੁ ਨਾਨਕ ਅਨਦਿਨੁ ਹਰਿਗੁਣ ਗਾਵੈ ਮਿਲਿ ਸਤਿਗੁਰ ਗੁਰੂ ਵੇਚੋਲੀ। (169)

ਗੁਰੂ, ਪ੍ਰਭੂ ਦੇ ਦਰ ਪਹੁੰਚਣ ਲਈ ਰਹਿਬਰ ਹੈ, ਸਹਾਇਕ ਹੈ, ਰਖਵਾਲਾ ਹੈ, ਕੁੰਜੀ ਬਰਦਾਰ ਹੈ, ਪਰ ਨਿਸ਼ਾਨਾ ਨਿਰੰਕਾਰ ਹੀ ਰਹਿਣਾ ਹੁੰਦਾ ਹੈ। ਸੰਤ ਵਿਚ ਸ਼ਕਤੀ ਤਾਂ ਗੁਰੂ ਜਿੰਨੀ ਹੁੰਦੀ ਹੈ ਪਰ ਉਸ ਦੀ ਡਿਊਟੀ ਗੁਰੂ ਵਾਲੀ ਨਹਾ ਹੁੰਦੀ।

ਗੁਰੂ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ, ਜਿੰਨ੍ਹਾਂ ਉਤੇ ਕਰਤੇ ਦੀ ਕਿਰਪਾ ਹੋਵੇ —

ਕਰਮੁ ਹੋਵੈ ਸਤਿਗੁਰੂ ਮਿਲਾਏ।
ਸੇਵਾ ਸੁਰਤਿ ਸਬਦਿ ਚਿਤ ਲਾਇ। (110)
ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ। (111)
ਪੂਰਾ ਸਤਿਗੁਰੂ ਤਾਂ ਮਿਲੈ ਜਾ ਨਦਰਿ ਕਰੇਈ। (424)
ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੂ ਕਰਤਾ ਤਾਂ ਸਤਿਗੁਰੂ ਪਾਰਬ੍ਰਹਮ ਨਦਰੀ ਆਵੈ (305)

ਇਨ੍ਹਾਂ ਫਰਮਾਨਾਂ ਅਨੁਸਾਰ ਗੁਰੂ ਜਾਂ ਪੂਰੇ ਸਤਿਗੁਰ ਤੋਂ ਦੇਹਧਾਰੀ ਗੁਰੂ ਦਾ ਭਾਵ ਵੀ ਹੋ ਸਕਦਾ ਹੈ।

ਭਾਈ ਨੰਦ ਲਾਲ ਜੀ ਦੇ ਜ਼ਿੰਦਗੀ ਨਾਮੇ ਵਿਚ ਲਿਖਿਆ ਹੈ —
ਸੁਹਬਤਿ ਏਸ਼ਾ ਬਵਦ ਲੁਤੀਫ ਖੁਦਾ ਤਾ ਨਸੀਬ ਕਸ ਸ਼ਵਦ ਈਰੂ ਨਾਮਾ।
ਭਾਵ: 'ਉਨ੍ਹਾਂ ਨੂੰ ਗੁਰੂ, ਸਾਧ, ਸੰਤ ਆਦਿ ਦੀ ਸੰਗਤ ਦੀ ਪ੍ਰਾਪਤੀ, ਪ੍ਰਮਾਤਮਾ ਦੀ ਕਿਰਪਾ ਤੋਂ ਹੁੰਦੀ ਹੈ।" ਏਥੇ ਇਸ ਦੀ ਕਿਰਪਾ ਤੋਂ ਪੁਰਸ਼ ਦਾ ਭਾਗ ਪ੍ਰਗਟ ਹੋ ਜਾਂਦਾ ਹੈ।

ਸਤਿਗੁਰ ਭਏ ਦਿਆਲਤ ਪੂਰਾ ਪਾਈਐ। (1362)
ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ। (207)
ਗੁਰ ਮਿਲਿਐ ਹਰਿ ਮੇਲਾ ਹੋਈ।
ਆਪੇ ਮੇਲਿ ਮਿਲਾਵੈ ਸੋਈ। (157)

ਇਨ੍ਹਾਂ ਫੁਰਮਾਨਾਂ ਅਨੁਸਾਰ ਵੀ ਪੂਰੇ ਗੁਰੂ ਤੋਂ ਭਾਵ ਦੇਹ ਧਾਰੀ ਗੁਰੂ ਦਾ ਵੀ ਹੋ ਸਕਦਾ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ। (982)
ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ। (160)
ਵਾਹੁ ਵਾਹੁ ਬਾਣੀ ਸੱਚੁ ਹੈ। (514)
ਵਾਹੁ ਵਾਹੁ ਬਾਣੀ ਨਿਰੰਕਾਰ ਹੈ। (515)

ਗੁਰਬਾਣੀ ਕਿਸੇ ਵਿਅਕਤੀ ਦੀ ਆਪਣੀ ਨਹੀਂ ਹੁੰਦੀ। ਇਹ ਨਿਰੰਕਾਰ ਦੀ ਬਾਣੀ ਹੁੰਦੀ ਹੈ ਜਿਸ ਨੂੰ ਇਸਲਾਮ ਵਿਚ ਅਲਹਾਮ ਅਤੇ ਈਸਾਈ ਮੱਤ ਵਿਚ ਪ੍ਰਭੂ ਦਾ ਹੁਕਮ ਕਹਿੰਦੇ ਹਨ ਨੂੰ ਹੀ ਗੁਰੂ ਦੀ ਪਦਵੀ ਮਿਲ ਸਕਦੀ ਹੈ!

ਚਹੁ ਜੁਗ ਮਹਿ ਅੰਮ੍ਰਿਤ ਸਾਚੀ ਬਾਣੀ! (665)

ਨਿਰੰਕਾਰ ਦੀ ਬਾਣੀ ਆਦਿ ਤੋਂ ਆ ਰਹੀ ਹੈ। ਉਸ ਨੂੰ ਮਨੁਖਾ ਜਾਤੀ ਤੱਕ ਪਹੁੰਚਾਣ ਵਾਲੇ ਮਹਾਂ ਪੁਰਸ਼ ਭਾਵੇਂ ਉਨ੍ਹਾਂ ਨੂੰ ਗੁਰੂ ਕਹੋ ਜਾਂ ਅਵਤਾਰ, ਮਸੀਹ, ਰਸੂਲ, ਭਗਤ ਜਾਂ ਕੁਝ ਹੋਰ ਹੁੰਦੇ ਆਏ ਹਨ ਅਤੇ ਅਲਾਹੀ ਕਲਾਮ ਵੱਖ ਵੱਖ ਧਰਮ ਗ੍ਰੰਥਾਂ ਵਿਚ ਅੰਕਤ ਹੁੰਦੇ ਰਹੇ ਹਨ। ਗੁਰੂ ਬਾਣੀ ਹੀ ਹੁੰਦੀ ਹੈ ਪਰ ਉਸ ਦੇ ਉਚਾਰਣ ਲਈ ਮਨੁਖਾ ਦੇਹੀ ਦਾ ਹੋਣਾ ਵੀ ਲਾਜ਼ਮੀ ਹੈ।

ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ। (35)
ਸਚੀ ਬਾਣੀ ਜੁਗ ਚਾਰੇ ਜਾਪੈ। (158)

ਧੁਰ ਕੀ ਬਾਣੀ ਆਦਿ ਤੋਂ ਆ ਰਹੀ ਹੈ ਅਤੇ ਜੁਗਾਂ ਜੁਗਾਂ ਵਿਚ ਮਹਾਂ ਪੁਰਸ਼ਾਂ ਦੇ ਮੁਖਾਰ ਬਿੰਦਾਂ ਤੋਂ ਜਗਤ ਨੂੰ ਪ੍ਰਾਪਤ ਹੁੰਦੀ ਰਹੀ ਹੈ। ਇਹ ਕੁਦਰਤ ਦੇ ਅੱਟਲ ਨੀਯਮ ਹੇਠਾਂ ਹੁੰਦਾ ਰਿਹਾ ਹੈ ਅਤੇ ਅਗੋਂ ਵੀ ਨਿਰੰਕਾਰ ਮਨੁਖਾ ਜਾਤੀ ਤੇ ਕਲਿਆਣ ਲਈ ਆਪਣੀ ਬਾਣੀ ਭੇਜਦਾ ਰਹੇਗਾ। ਗੁਰੂ ਸਰੂਪ ਬਾਣੀ ਦਾ ਉਚਾਰਨ ਮਨੁਖਾ ਦੇਹੀ ਵਾਲੇ ਮਹਾਂ ਪੁਰਸ਼ ਹੀ ਕਰਦੇ ਰਹੇ ਹਨ ਅਤੇ ਕੋਈ ਕਾਰਨ ਨਹੀਂ ਕਿ ਅਗੋਂ ਅਜਿਹਾ ਨਾ ਹੋਵੇ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ-----------------------
ਪੁਰਾਣਾ ਪਤਾ-----------------------
-----------------------
-----------------------
-----------------------
ਨਵਾਂ ਪਤਾ ਸਟਰੀਟ/ਐਵੇਨਿਊ-----------------------
ਟਾਊਨ-----------------------
ਸਟੇਟ-----------------------
ਪੋਸਟਲ ਕੋਡ-----------------------
ਫੋਨ ਨੰਬਰ-----------------------


# Kam Accounting Services

- Income Tax
- Bookkeeping
- Accounting

KAM DHALLA
2707 Main Street(at 11th Ave.)
Vancouver, B.C. V5T 3E9
At
LOYAL FURNITURE
Off: (604)874 - 9855
Res: (604)681 - 6642



# BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food



# ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
6660 MAIN STREET, (at 51st Ave.)
VANCOUVER, B.C.
Ph. 321-7020

36 Exp. - $9.99
24 Exp. - $6.99
12 Exp. - $3.99
Reprints: 4x6 - 40¢
3½x5 - 25¢
We Do Passport, 5 Mins. Service, Portrait Photos & Weddings



# Real Plumbing & Electrical Supply
7211 Main St.(at 56th Ave.)
VANCOUVER, B.C. V5X 3J3




- ਸੇਲਜ਼ ਐਂਡ ਸਰਵਿਸ
- ਪਲਬਿੰਗ
- ਹੀਟਿੰਗ
- ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
- ਸਰਮਿਕ ਟਾਈਲਜ ਇਨਸਟਾਲੇਸ਼ਨ



Or Do-It- Yourself
- ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ

Satwinder Reehal ਸਤਵਿੰਦਰ ਰੀਹਲ
Ph. 324 - 7066


'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਾਓ

ਹਮ ਆਪ ਕਯਾਮਤ ਸੇ ਗੁਜ਼ਰ ਕਯੋਂ ਨਹੀਂ ਜਾਤੇ
ਜੀਨੇ ਕੀ ਸ਼ਿਕਾਯਤ ਹੈ ਤੋ ਮਰ ਕਯੋਂ ਨਹੀਂ ਜਾਤੇ
ਕਤਰਾਤੇ ਹੈਂ ਬਲ ਖਾਤੇ ਹੈਂ ਘਬਰਾਤੇ ਹੈਂ ਕਯੋਂ ਲੋਗ
ਸਰਦੀ ਹੈ ਤੋ ਪਾਨੀ ਮੇਂ ਉਤਰ ਕਯੂੰ ਨਹੀਂ ਜਾਤੇ


Harcharan S. Sanghera
B.A.,(Hons.)B.T.
We wish to let everybody know, that Harry, top salesman has rejoined our firm, and is eager to help in matters of real estate.
Call (403)274-9586
COMMISSIONER FOR OATHS
HEIN REAL ESTATE CORPORATION 272-3382



# AMBIKA FOODS

## 5125 Victoria Drive
## Vancouver, B.C. Canada

PHONE: 327—0295

# SALE FOR ONE WEEK

| | | |
|---|---|---|
| ਰੋਟੀ ਆਟਾ<br>Roti Atta<br>4.49 10 kg. | ਲੌਂਗ ਗਰੇਨ ਚਾਵਲ<br>Long Grain Rice<br>10.99 20 kg. | ਬਟਰ ਲੂਣ ਵਾਲਾ<br>Butter Salted<br>2.29 lb |
| ਪਚਰੰਗਾ ਆਚਾਰ<br>Pachranga Achar<br>1.49 Tin | ਮੱਕੀ ਦਾ ਤੇਲ<br>Corn Oil<br>24.99 Pail | ਮੱਕੀ ਦਾ ਆਟਾ<br>Corn Flour<br>6.89 10 kg. |
| ਖੰਡ<br>Sugar<br>5.99<br>With This News Paper | We Reserve the Right to Limit Quantity Until Last.<br><br>BEST PRICE IN TOWN | |